

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 32

November 20, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਗੁਰਦੁਆਰਾ ਸਿੱਖ ਸੈਂਟਰ ਐਂਡਰਸਨ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਅਤੇ 13ਵਾਂ ਵਿਸ਼ਾਲ ਨਗਰ ਕੀਰਤਨ, ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਅਤੇ ਰਿਓਲਿੰਡਾ ਵਿਖੇ 22, 23 ਅਤੇ 24 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। *(ਹੋਰ ਜਾਣਕਾਰੀ ਲਈ ਦੇਖੋ ਸਫਾ 3-4)*



Honorable Dr. Ronki Ram honored at the auspicious occasion of 550th Parkash Purv of Sri Guru Nanak Dev ji at IK Gujral PTU Kapurthala (Punjab) on November 10, 2019.

# ਪੰਜਾਬ ਵਿੱਚ ਦਲਿਤਾਂ ਨੂੰ ਨਹੀ ਮਿਲਦਾ ਇਨਸਾਫ਼

## ਪੁਲਿਸ ਦੀ ਕਾਰਵਾਈ ਰਹਿੰਦੀ ਹੈ ਨਿਰਾਸ਼ਾਜਨਕ, ਮਾਮਲਾ ਡੀਜੀਪੀ ਕੋਲ ਉਠਾਉਣ ਦਾ ਫ਼ੈਸਲਾ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿੱਚ ਦਲਿਤਾਂ ਨਾਲ ਹੁੰਦੀ ਧੱਕੇਸ਼ਾਹੀ ਅਤੇ ਅਪਰਾਧ ਦੇ ਮਾਮਲੇ ਵਿੱਚ ਪੁਲਿਸ ਦੀ ਕਾਰਵਾਈ ਅਕਸਰ ਨਿਰਾਸ਼ਾਜਨਕ ਹੁੰਦੀ ਹੈ। ਐੱਸ ਸੀ ਕਮਿਸ਼ਨ ਪੰਜਾਬ ਦੀ ਚੇਅਰਪਰਸਨ ਅਤੇ ਮੈਂਬਰਾਂ ਦਾ ਦਾਅਵਾ ਹੈ ਕਿ ਮਾਮੂਲੀ ਘਟਨਾਵਾਂ ਤਾਂ ਦੂਰ ਦੀ ਗੱਲ ਕਈ ਵਾਰ ਦਲਿਤਾਂ 'ਤੇ ਹੁੰਦੀ ਵੱਡੀ ਤੋਂ ਵੱਡੀ ਜ਼ਿਆਦਤੀ ਦੇ ਮਾਮਲੇ 'ਤੇ ਪੁਲੀਸ ਵੱਲੋਂ ਕਾਰਵਾਈ ਤੋਂ ਮੂੰਹ ਫੇਰ ਲਿਆ ਜਾਂਦਾ ਹੈ। ਪੁਲੀਸ ਵੱਲੋਂ ਕਮਿਸ਼ਨ ਜਾਂ ਹੋਰ ਕਿਸੇ ਸਮਾਜਿਕ ਦਬਾਅ ਕਾਰਨ ਜੇਕਰ ਮਾਮਲਾ ਦਰਜ ਵੀ ਕੀਤਾ ਜਾਂਦਾ ਹੈ ਤਾਂ ਜ਼ਿਆਦਤੀ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਆਨਾਕਾਨੀ ਕੀਤੀ ਜਾਂਦੀ ਹੈ।

ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ ਨੇ ਦੱਸਿਆ ਕਿ ਰਾਜ ਦੇ ਡੀਜੀਪੀ ਦਿਨਕਰ ਗੁਪਤਾ ਨਾਲ ਮੀਟਿੰਗ ਕਰਕੇ ਦਲਿਤਾਂ ਖ਼ਿਲਾਫ਼ ਹੁੰਦੇ ਅੱਤਿਆਚਾਰਾਂ ਦੇ ਮਾਮਲੇ 'ਤੇ ਪੁਲੀਸ ਦੇ ਹੇਠਲੇ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਵਾਉਣ ਲਈ ਕਿਹਾ ਜਾਵੇਗਾ।

ਉਨ੍ਹਾਂ ਮੰਨਿਆ ਕਿ ਥਾਣਾ ਪੱਧਰ 'ਤੇ ਪੁਲੀਸ ਮੁਲਾਜ਼ਮਾਂ ਦਾ ਰਵੱਈਆ ਆਮ ਤੌਰ 'ਤੇ ਦਲਿਤਾਂ ਵੱਲੋਂ ਕੀਤੀਆਂ ਜਾਂਦੀਆਂ ਸ਼ਿਕਾਇਤਾਂ ਨੂੰ ਰਫ਼ਾ-ਦਫ਼ਾ ਕਰਨ ਦਾ ਹੀ ਸਾਹਮਣੇ ਆਉਂਦਾ ਹੈ।



ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ ਨੇ ਦੱਸਿਆ ਕਿ ਸਭ ਤੋਂ ਜ਼ਿਆਦਾ ਸ਼ਿਕਾਇਤਾਂ ਪੁਲੀਸ ਖਿਲਾਫ਼ ਹੀ ਆਉਂਦੀਆਂ ਹਨ ਤੇ ਪੁਲੀਸ ਜ਼ਿਆਦਤੀ ਦਾ ਸ਼ਿਕਾਰ ਦਲਿਤਾਂ ਦੀ ਸੁਣਵਾਈ ਕਰਨ ਤੋਂ ਟਾਲਾ ਹੀ ਨਹੀਂ ਵੱਟਦੀ ਸਗੋਂ ਝੂਠੇ ਕੇਸ ਵੀ ਗਰੀਬਾਂ 'ਤੇ ਹੀ ਦਰਜ ਕਰਦੀ ਹੈ। ਪੰਜਾਬ 'ਚ ਦਲਿਤਾਂ ਉਪਰ ਅੱਤਿਆਚਾਰ ਵਧਣ ਦੀ ਗਵਾਹੀ ਸਰਕਾਰੀ ਰਿਕਾਰਡ ਵੀ ਭਰਦਾ ਹੈ। ਜਾਣਕਾਰੀ ਮੁਤਾਬਕ ਸਾਲ 2004 ਤੋਂ 31 ਅਗਸਤ 2019 ਤੱਕ ਦਲਿਤਾਂ 'ਤੇ ਅੱਤਿਆਚਾਰ ਦੇ 21,935 ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚ ਸੰਗੀਨ ਅਪਰਾਧ ਵੀ ਸ਼ਾਮਲ ਹਨ। ਦਲਿਤਾਂ ਨਾਲ ਵਿਤਕਰੇ ਜਾਂ ਹੋਰ ਜ਼ਿਆਦਤੀਆਂ ਦੀਆਂ 5 ਹਜ਼ਾਰ ਤੋਂ ਵੱਧ ਘਟਨਾਵਾਂ ਨੂੰ ਕਮਿਸ਼ਨ ਵੱਲੋਂ ਵੱਖਰੇ ਤੌਰ 'ਤੇ ਦਰਜ ਕੀਤਾ ਗਿਆ ਹੈ।

ਇਨ੍ਹਾਂ ਘਟਨਾਵਾਂ 'ਚ ਹਰ ਸਾਲ ਵਾਧਾ ਹੋ ਰਿਹਾ ਹੈ। ਚੇਅਰਪਰਸਨ ਨੇ ਕਿਹਾ ਕਿ ਪੰਜਾਬ 'ਚ ਦਲਿਤਾਂ ਖ਼ਿਲਾਫ਼ ਅੱਤਿਆਚਾਰਾਂ ਦੀਆਂ ਘਟਨਾਵਾਂ ਦੇ ਜੋ ਵੇਰਵੇ ਕਮਿਸ਼ਨ ਕੋਲ ਦਰਜ ਹਨ, ਉਨ੍ਹਾਂ ਨੂੰ ਅੱਧੇ ਹੀ ਮੰਨਿਆ ਜਾਂਦਾ ਹੈ ਕਿਉਂਕਿ ਇਹ ਮਾਮਲੇ ਉਹ ਹਨ ਜਿਨ੍ਹਾਂ ਸਬੰਧੀ ਲੋਕਾਂ ਨੇ ਕਮਿਸ਼ਨ ਤੱਕ ਪਹੁੰਚ ਕਰ ਲਈ ਜਾਂ ਫਿਰ ਮੀਡੀਆ ਰਿਪੋਰਟ ਦੇ ਆਧਾਰ ਉੱਤੇ ਕਮਿਸ਼ਨ ਨੇ ਨੋਟਿਸ ਲੈ ਲਿਆ। ਪੰਜਾਬ ਰਾਜ ਐੱਸਸੀ ਕਮਿਸ਼ਨ ਮੁਤਾਬਕ ਸਾਲ 2004 ਵਿੱਚ ਦਲਿਤਾਂ 'ਤੇ ਅੱਤਿਆਚਾਰ ਦੀਆਂ 354 ਘਟਨਾਵਾਂ ਵਾਪਰੀਆਂ।

# ਸਾਲ 2018-19 'ਚ ਦੋ ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਅਮਰੀਕਾ ਪਹੁੰਚੇ

**ਵਾਸ਼ਿੰਗਟਨ (ਬਿਊਰੋ)–** ਸਾਲ 2018-19 'ਚ ਭਾਰਤ ਤੋਂ 2,02,000 ਵਿਦਿਆਰਥੀ ਅਮਰੀਕਾ ਗਏ। ਲਗਾਤਾਰ ਦਸਵੇਂ ਵਰ੍ਹੇ ਚੀਨ ਮਗਰੋਂ ਭਾਰਤ ਦੇ ਸਭ ਤੋਂ ਵਿਦਿਆਰਥੀ ਅਮਰੀਕਾ ਪਹੁੰਚੇ ਹਨ। ਕੌਮਾਂਤਰੀ ਸਿੱਖਿਆ ਆਦਾਨ-ਪ੍ਰਦਾਨ ਬਾਰੇ ਰਿਪੋਰਟ 'ਚ ਕਿਹਾ ਗਿਆ ਹੈ ਕਿ ਵਿਦਿਅਕ ਵਰ੍ਹੇ 2018-19 ਦੌਰਾਨ ਅਮਰੀਕਾ 'ਚ ਸਭ ਤੋਂ ਵੱਧ ਵਿਦੇਸ਼ੀ ਵਿਦਿਆਰਥੀ ਸਿੱਖਿਆ ਹਾਸਲ ਕਰਨ ਲਈ ਉਥੇ ਗਏ। ਵਣਜ ਵਿਭਾਗ ਦੇ ਅੰਕੜਿਆਂ ਮੁਤਾਬਕ 2018 'ਚ ਕੌਮਾਂਤਰੀ ਵਿਦਿਆਰਥੀਆਂ ਨੇ ਅਮਰੀਕੀ ਅਰਥਚਾਰੇ 'ਚ 44.7 ਅਰਬ ਡਾਲਰ ਦਾ ਯੋਗਦਾਨ ਪਾਇਆ ਜੋ ਪਿਛਲੇ ਸਾਲ ਨਾਲੋਂ 5.5 ਫ਼ੀਸਦੀ ਦਾ ਵੱਧ ਹੈ। ਲਗਾਤਾਰ ਦਸਵੇਂ ਵਰ੍ਹੇ ਚੀਨ ਤੋਂ ਸਭ ਤੋਂ ਵੱਧ ਵਿਦਿਆਰਥੀ ਪੜ੍ਹਨ ਲਈ ਅਮਰੀਕਾ ਪਹੁੰਚੇ। ਉਨ੍ਹਾਂ ਦੀ ਗਿਣਤੀ 3,69,549 ਰਹੀ। ਉਂਜ 10,95,299 ਵਿਦੇਸ਼ੀ ਵਿਦਿਆਰਥੀ ਅਮਰੀਕਾ ਆਏ ਜੋ ਪਿਛਲੇ ਸਾਲ ਨਾਲੋਂ 0.05 ਫ਼ੀਸਦੀ ਦਾ ਵਾਧਾ ਹੈ। ਸਿੱਖਿਆ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਸਹਾਇਕ ਸਕੱਤਰ ਮੈਰੀ ਰੌਇਸ ਨੇ ਕਿਹਾ ਕਿ ਉਹ ਅਮਰੀਕਾ 'ਚ ਵਿਦੇਸ਼ੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਤੋਂ ਖ਼ੁਸ਼ ਹਨ। ਉਭਰਦੇ ਮੁਲਕਾਂ 'ਚੋਂ ਬੰਗਲਾਦੇਸ਼, ਬ੍ਰਾਜ਼ੀਲ, ਨਾਇਜੀਰੀਆ ਅਤੇ ਪਾਕਿਸਤਾਨ ਦੇ ਵਿਦਿਆਰਥੀ ਵੀ ਬਹੁਤੀ ਗਿਣਤੀ 'ਚ ਅਮਰੀਕਾ ਪਹੁੰਚੇ ਹਨ। ਵਿਦੇਸ਼ੀ ਵਿਦਿਆਰਥੀਆਂ ਲਈ ਇੰਜਨੀਅਰਿੰਗ ਦੀ ਪੜ੍ਹਾਈ ਸਭ ਤੋਂ ਵੱਡਾ ਆਕਰਸ਼ਣ ਦਾ ਕੇਂਦਰ ਹੈ।






MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga

6930 65TH STREET # 115 SACRAMENTO CA 95823



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਬ ਵੀਬ ਡੀਬ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਆਗਮਨ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਜਾਏ ਗਏ









ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਆਗਮਨ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਏ ਗਏ। ਇਸ ਸ਼ੁਭ ਮੌਕੇ ਤੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਸ਼ੁੱਕਰਵਾਰ 8 ਨਵੰਬਰ 2019 ਨੂੰ ਹੋਏ ਅਤੇ ਜਿਨ੍ਹਾਂ ਦੇ ਭੋਗ ਐਤਵਾਰ ਸਵੇਰੇ 10 ਨਵੰਬਰ 2019 ਨੂੰ ਪਏ ਗਏ। ਇਨ੍ਹਾਂ ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂਘਰ ਦੇ ਹਜ਼ੂਰੀ ਰਾਗੀ ਜਥਾ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਅਤੇ ਸਮੂੰਹ ਸੰਗਤਾਂ ਵਲੋਂ ਹੋਈ।

9 ਨਵੰਬਰ 2019 ਸ਼ਾਮ ਨੂੰ ਬੱਚਿਆਂ ਵਲੋਂ ਕੀਰਤਨ ਦਰਬਾਰ ਸਜਾਏ ਗਏ ਜਿਸ ਵਿੱਚ ਸੈਕਰਾਮੈਂਟੋ ਦੇ ਵੱਖ ਵੱਖ ਗੁਰੂਘਰਾਂ ਵਿੱਚ ਕੀਰਤਨ ਦੀ ਸਿੱਖਿਆ ਪ੍ਰਾਪਤ ਕਰ ਰਹੇ ਬੱਚਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਐਤਵਾਰ 10 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ ਜਿਸ ਵਿੱਚ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਕਥਾਵਾਚਕ ਅਤੇ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਗੁਰੂ ਚਰਨਾਂ ਨਾਲ ਜੋੜਿਆ।

ਗੁਰੂ ਬਾਬੇ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਇਨ੍ਹਾਂ ਕੀਰਤਨ ਦਰਬਾਰਾਂ ਵਿੱਚ ਸੰਗਤਾਂ ਦਾ ਉਤਸ਼ਾਹ ਦੇਖਦੇ ਹੀ ਬਣਦਾ ਸੀ। ਗੁਰੂਘਰ ਵਲੋਂ ਆਏ ਹੋਏ ਕੀਰਤਨੀਏ ਜਥਿਆਂ ਨੂੰ ਅਤੇ ਹੋਰ ਸੇਵਾਦਾਰ ਪਰਿਵਾਰਾਂ ਨੂੰ ਸ਼੍ਰੀ ਸਿਰੋਪਾਓ ਸਾਹਿਬ ਦੇ ਕੇ ਨਿਹਾਲ ਕੀਤਾ ਗਿਆ।

ਇਹ ਕੀਰਤਨ ਦਰਬਾਰ ਸ਼੍ਰੀ ਜਗਦੇਵ ਸਿੰਘ ਭੰਡਾਲ( ਚੜ੍ਹਦੀ ਕਲਾ, ਗਰਵ ਪੰਜਾਬ ਟੀਵੀ), ਸ਼੍ਰੀ ਅਜੈ ਪੜਵੱਗਾ, ਸ਼੍ਰੀ ਪ੍ਰੇਮ ਚੁੰਬਰ (ਅਦਾਰਾ ਦੇਸ਼ ਦੋਆਬਾ, ਅੰਬੇਡਕਰ ਟਾਈਮਜ਼) ਦੇ ਯਤਨਾਂ ਸਦਕਾ ਕਈ ਫੇਸਬੁੱਕ ਅਤੇ ਯੂਟਿਊਬ ਚੈਨਲਾਂ ਉਤੇ ਸਿੱਧੇ ਪਰਸਾਰਿਤ ਕੀਤੇ ਗਏ।





Prem Chumber and Kamlesh Ahir were honored at the Sri Guru Ravidass Temple Rio Linda, Sacramento (California)

## ਗੁਰਦੁਆਰਾ ਸਿੱਖ ਸੈਂਟਰ ਐਂਡਰਸਨ ਦਾ 13ਵਾਂ ਸਾਲਾਨ ਨਗਰ ਕੀਰਤਨ 22, 23, 24 ਨਵੰਬਰ ਨੂੰ

**ਐਂਡਰਸਨ–** ਗੁਰਦੁਆਰਾ ਸਿੱਖ ਸੈਂਟਰ ਐਂਡਰਸਨ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਸਿੱਖ ਸੈਂਟਰ, ਐਂਡਰਸਨ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ 22, 23 ਅਤੇ 24 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 13ਵਾਂ ਸਾਲਾਨਾ ਨਗਰ ਕੀਰਤਨ 23 ਨਵੰਬਰ ਨੂੰ ਕੱਢਿਆ ਜਾਵੇਗਾ।

ਅਖੰਡ ਪਾਠ ਸਾਹਿਬ ਜੀ ਸਹਿਤ ਸ੍ਰੀ ਜਪੁਜੀ ਸਾਹਿਬ 22 ਨਵੰਬਰ ਨੂੰ ਸਵੇਰੇ 10.30 ਵਜੇ ਆਰੰਭ ਹੋਣਗੇ, ਜਿਹਨਾਂ ਦੇ ਭੋਗ 24 ਨਵੰਬਰ ਨੂੰ ਸਵੇਰੇ 9:30 ਵਜੇ ਪਾਏ ਜਾਣਗੇ। ਇਸ ਸਬੰਧੀ ਹੋਰ ਜਾਣਕਾਰੀ ਲਈ ਸੰਪਰਕ ਕਰੋ:

ਭਾਈ ਅਮਰਜੀਤ ਸਿੰਘ 530 440 2626,
ਸ. ਗੁਰਮੇਲ ਸਿੰਘ (ਪ੍ਰਧਾਨ) 530 840 0200

## ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 24 ਨਵੰਬਰ ਨੂੰ ਮਨਾਇਆ ਜਾਵੇਗਾ

**ਫੇਅਰਫੀਲਡ–** ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 24 ਨਵੰਬਰ ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਸਾਹਿਬ ਜੀ 22 ਨਵੰਬਰ ਨੂੰ ਪ੍ਰਾਰੰਭ ਹੋਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ 24 ਨਵੰਬਰ ਨੂੰ ਹੋਵੇਗੀ ਅਤੇ ਭੋਗ ਵੀ ਇਸੇ ਦਿਨ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ। ਹੋਰ ਜਾਣਕਾਰੀ ਲਈ ਸੰਪਰਕ ਕਰੋ: 707-421-0707

## ਸ਼ਹੀਦੀ ਪੁਰਬ ਮਜਬੀ ਸਿੰਘ ਰੰਘਰੇਟੇ ਗੁਰੂ ਕੇ ਬੇਟੇ ਦਾ

**ਸ਼ਹੀਦੀ ਪੁਰਬ ਮਜਬੀ ਸਿੰਘ ਰੰਘਰੇਟੇ ਗੁਰੂ ਕੇ ਬੇਟੇ ਦਾ**
**ਅਮਰ ਸ਼ਹੀਦ ਧੰਨ ਧੰਨ ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ)**
**ਦਾ ਸ਼ਹੀਦ ਪੁਰਬ 8 ਦਸੰਬਰ 2019 ਦਿਨ ਐਤਵਾਰ ਨੂੰ**
**ਭਗਵਾਨ ਵਾਲਮੀਕ ਟੈਂਪਲ**
**84/86 ਪਰਸੀ ਐਵੀਨਿਊ**

ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਹੋਣਾ ਨਿਯੁਕਤ ਕੀਤਾ ਗਿਆ ਹੈ। 10 ਨਵੰਬਰ 2019 ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਸਭਾ ਦੀ ਮੀਟਿੰਗ ਹੋਈ, ਜਿਸ ਵਿਚ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਬਾਬਾ ਜੀਵਨ ਸਿੰਘ ਜੀ ਦਾ ਸ਼ਹੀਦੀ ਪੁਰਬ 8 ਦਸੰਬਰ 2019 ਨੂੰ ਸਭ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ। ਆਪ ਸਭ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ ਸਭ ਇਹ ਮੌਕੇ ਤੇ ਪਹੁੰਚ ਕੇ ਰੌਣਕ ਨੂੰ ਵਧਾਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
**ਸ੍ਰੀ ਪ੍ਰੇਮ ਸੌਂਧੀ (ਪ੍ਰਧਾਨ), 530-813-3877**


ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥



ਕਿਰਤ ਕਰੋ
ਨਾਮ ਜਪੋ
ਵੰਡ ਛਕੋ



ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪੁਰਬ
ਸ਼ਰਧਾ ਅਤੇ ਸਤਿਕਾਰ ਨਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੁਰੂਘਰ ਵਿਖੇ ਮਨਾਏ ਜਾ ਰਹੇ ਹਨ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ:
ਸ਼ੁੱਕਰਵਾਰ 22 ਨਵੰਬਰ, 2019 ਸਵੇਰੇ 10:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ:
ਐਤਵਾਰ 24 ਨਵੰਬਰ, 2019 ਸਵੇਰੇ 10:30 ਵਜੇ
ਉਪਰੰਤ ਕਥਾ ਕੀਰਤਨ ਦੀਵਾਨ ਸਜਾਏ ਜਾਣਗੇ

ਸੇਵਾ ਅਤੇ ਬੇਨਤੀ ਕਰਤਾ:
ਸ੍ਰੀ ਅਵਤਾਰ ਸਿੰਘ ਪਲਾਹੀ, ਬੀਬੀ ਜਸਵੀਰ ਕੌਰ ਪਲਾਹੀ
ਆਪ ਨੂੰ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਸਮੇਤ ਦਰਸ਼ਨ ਦੇਣ ਦੀ ਬੇਨਤੀ ਹੈ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
6221 16th Street, Rio linda, CA 95673
ਗੁਰੂਘਰ ਫ਼ੋਨ: (916) 992-1710
Live on Facebook @ Shri Guru Ravidass Temple Sacramento

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਸੈਣ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ









**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਸ. ਦੀਦਾਰ ਸਿੰਘ ਬੈਂਸ ਜੀ, ਬੀਬੀ ਸੰਤੀ ਬੈਂਸ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਸੈਣ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 15, 16, 17 ਨਵੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿਚ 15 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 17 ਨਵੰਬਰ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਗੁਰਦਿਆਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550ਵਾਂ ਪ੍ਰਕਾਸ਼ ਪੁਰਬ 22, 23, 24 ਨਵੰਬਰ ਨੂੰ



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550ਵਾਂ ਪ੍ਰਕਾਸ਼ ਪੁਰਬ 22, 23, 24 ਨਵੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਜਾ ਰਿਹਾ ਹੈ, ਜਿਸ ਵਿਚ 22 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 24 ਨਵੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਗੁਰਦਿਆਲ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਹਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ।

ਇਸ ਸਮਾਗਮ ਦੀ ਸੇਵਾ ਗੁਰੂ ਘਰ ਦੇ ਸ਼ਰਧਾਲੂ ਭਾਈ ਪੂਰਨ ਸਿੰਘ ਜੀ, ਬੀਬੀ ਕੁਲਵੰਤ ਕੌਰ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ।

ਸੰਗਤਾਂ ਨੂੰ ਬੜੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ।

# ਭਾਰਤੀ ਮੂਲ ਦੇ ਅਮਰੀਕੀ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਵਿਚ ਨਿਰੰਤਰ ਵਾਧਾ

**ਕੈਲੀਫੋਰਨੀਆ ਹੁਸਨ ਲੜੋਆ ਬੰਗਾ)–** 2017 ਤੋਂ ਬਾਅਦ ਭਾਰਤੀ ਮੂਲ ਦੇ ਅਮਰੀਕੀਆਂ ਵਿਰੁੱਧ ਨਫ਼ਰਤੀ ਅਪਰਾਧਾਂ ਵਿਚ ਵਾਧਾ ਹੋਇਆ ਹੈ। ਇਹ ਖੁਲਾਸਾ ਐਫ ਬੀ ਆਈ ਵੱਲੋਂ ਜਾਰੀ ਇਕ ਤਾਜ਼ਾ ਰਿਪੋਰਟ ਵਿਚ ਕੀਤਾ ਗਿਆ ਹੈ। ਸਿੱਖ ਹਲਕਿਆਂ ਵਿਚ ਇਸ ਰਿਪੋਰਟ ਨੂੰ ਸਹੀ ਨਹੀਂ ਸਮਝਿਆ ਜਾ ਰਿਹਾ। ਇਨਾਂ ਹਲਕਿਆਂ ਦਾ ਕਹਿਣਾ ਹੈ ਕਿ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀ ਗਿਣਤੀ ਬਹੁਤ ਜਿਆਦਾ ਹੈ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਸਾਲਡੈਫ) ਦੇ ਕਮਿਊਨੀਕੇਸ਼ਨ ਡਾਇਰੈਕਟਰ ਗੁਜਾਰੀ ਸਿੰਘ ਨੇ ਇਸ ਰਿਪੋਰਟ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਐਫ ਬੀ ਆਈ ਦੇ ਯੁਨਾਈਟਿਡ ਕਰਾਈਮ ਰਿਪੋਰਟਿੰਗ ਪ੍ਰੋਗਰਾਮ ਤਹਿਤ 16000 ਤੋਂ ਵਧ ਲਾਅ ਇਨਫੋਰਸਮੈਂਟ ਤੇ ਹੋਰ ਏਜੰਸੀਆਂ ਨੂੰ ਨਫ਼ਰਤੀ ਅਪਰਾਧ ਦੇ ਅੰਕੜੇ ਦੇਣ ਲਈ ਕਿਹਾ ਗਿਆ ਸੀ ਪਰ ਇਹ ਏਜੰਸੀਆਂ ਇਹ ਅੰਕੜੇ ਦੇਣ ਲਈ ਪਾਬੰਦ ਨਹੀਂ ਹਨ। ਇਸ ਲਈ ਨਫ਼ਰਤੀ ਅਪਰਾਧਾਂ ਦੇ ਜਾਰੀ ਅੰਕੜੇ ਠੀਕ ਨਹੀਂ ਹੋ ਸਕਦੇ। ਸਾਲਡੈਫ ਨੇ ਅਮਰੀਕੀ ਸਿੱਖਾਂ ਨੂੰ ਉਨਾਂ ਨਾਲ ਵਾਪਰਦੇ ਨਫ਼ਰਤੀ ਅਪਰਾਧਾਂ ਦੀ ਰਿਪਰੋਟ ਹਰ ਹਾਲਤ ਵਿਚ ਦਰਜ ਕਰਵਾਉਣ ਲਈ ਪ੍ਰੇਰਤ ਕੀਤਾ ਹੈ। ਸਿੱਖ ਕੁਲੀਸ਼ਨ ਅਨੁਸਾਰ ਸਿੱਖ ਤੀਸਰਾ ਭਾਈਚਾਰਾ ਹੈ ਜਿਸ ਉਪਰ ਸਭ ਤੋਂ ਵਧ ਨਫ਼ਰਤੀ ਹਮਲੇ ਹੁੰਦੇ ਹਨ। 2017 ਤੋਂ ਬਾਅਦ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ 'ਚ 200% ਦਾ ਵਾਧਾ ਹੋਇਆ ਹੈ। ਸਿੱਖ ਕੁਲੀਸ਼ਨ ਅਨੁਸਾਰ ਇਹ ਵੇਖਕੇ ਮਾਯੂਸੀ ਹੁੰਦੀ ਹੈ ਕਿ ਐਫ.ਬੀ.ਆਈ ਇਕ ਪਾਸੇ ਕਹਿੰਦੀ ਹੈ ਕਿ ਅਮਰੀਕਾ ਵਿਚ ਹਰ ਸਾਲ ਔਸਤ 2,50,000 ਘਟਨਾਵਾਂ ਨਫ਼ਰਤੀ ਅਪਰਾਧ ਦੀਆਂ ਹੁੰਦੀਆਂ ਹਨ, ਜਦ ਕਿ ਤਾਜਾ ਰਿਪੋਰਟ ਵਿਚ ਇਸ ਦੇ ਉਲਟ ਨਫ਼ਰਤੀ ਅਪਰਾਧਾਂ ਦੀਆਂ ਕੇਵਲ 7120 ਘਟਨਾਵਾਂ ਹੋਣ ਦਾ ਇੰਕਸ਼ਾਫ ਕੀਤਾ ਗਿਆ ਹੈ। ਐਫ.ਬੀ.ਆਈ ਵੱਲੋਂ ਜਾਰੀ ਰਿਪੋਰਟ ਅਨੁਸਾਰ 2017 ਦੀ ਤੁਲਨਾ ਵਿਚ 2018 ਵਿਚ ਨਫ਼ਰਤੀ ਅਪਰਾਧਾਂ ਵਿਚ ਮਾਮੂਲੀ ਕਮੀ ਹੋਈ ਹੈ। 2017 ਵਿਚ ਨਫ਼ਰਤੀ ਅਪਰਾਧਾਂ ਦੀਆਂ 7175 ਘਟਨਾਵਾਂ ਵਾਪਰੀਆਂ ਸਨ। ਜਦ ਕਿ ਹਕੀਕਤ ਇਸ ਤੋਂ ਵੱਖਰੀ ਹੈ। 2017 ਵਿਚ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧ ਦੀਆਂ 60 ਘਟਨਾਵਾਂ ਹੋਈਆਂ ਜਿਨਾਂ ਵਿਚ 69 ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਪਰ ਤਾਜਾ ਰਿਪੋਰਟ ਵਿਚ 20 ਘਟਨਾਵਾਂ ਵਾਪਰਨ ਦੀ ਹੀ ਗੱਲ ਕੀਤੀ ਗਈ ਹੈ ਜਿਨਾਂ ਵਿਚ 26 ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ।




A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu





ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132

Harmandeep Singh

# ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਗੁਰਪੁਰਬ 'ਤੇ ਵਿਸ਼ੇਸ਼ ਸਮਾਗਮ







**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਹੋਏ।

ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂਘਰ ਦੇ ਕੀਰਤਨੀ ਜੱਥੇ ਭਾਈ ਸੋਢੀ ਸਿੰਘ ਅਤੇ ਸਾਥੀਆ ਨੇ ਰਸ਼ ਭਿੰਨੇ ਕੀਰਤਨ ਰਾਹੀ ਹਾਜ਼ਰੀ ਭਰਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਮਾਰਗ ਦਰਸ਼ਨ ਅਤੇ ਜੀਵਨ ਸੰਬੰਧੀ ਵਿਚਾਰਾ ਕੀਤੀਆਂ।

ਇਸ ਉਪਰੰਤ ਸਥਾਨਕ ਗੁਰੂਘਰ ਵਿਖੇ ਚਲਾਏ ਜਾ ਰਹੇ 'ਕਰਮਨ ਪੰਜਾਬੀ ਸਕੂਲ' ਦੇ ਬੱਚਿਆ ਨੇ ਗੁਰਬਾਣੀ ਸ਼ਬਦ ਪੜਦੇ ਹੋਏ ਹਾਜ਼ਰੀ ਭਰੀ।

ਜਦ ਕਿ ਇਸ ਸਮੇਂ ਗਾਇਕਾ ਜੋਤ ਰਣਜੀਤ ਕੌਰ ਨੇ ਜਿੱਥੇ ਗੁਰੂ ਦੀ ਮਹਿਮਾ ਵਿੱਚ ਧਾਰਮਿਕ ਗੀਤਾ ਰਾਹੀ ਹਾਜ਼ਰੀ ਭਰੀ, ਉੱਥੇ ਸੰਗਤਾਂ ਨੂੰ ਵਹਿਮਾਂ-ਭਰਮਾ 'ਚੋ ਨਿਕਲਣ ਗੁਰਸਿੱਖੀ ਵਾਲਾ ਜੀਵਨ ਧਾਰਨ ਕਰਨ ਦੀ ਅਪੀਲ ਵੀ ਕੀਤੀ।

ਜਦ ਕਿ ਸੰਗੀਤਕ ਧੁਨਾ 'ਤੇ ਉਨ੍ਹਾਂ ਦਾ ਸਾਥ ਅਵਤਾਰ ਗਰੇਵਾਲ ਨੇ ਦਿੱਤਾ। ਇਸ ਤੋਂ ਇਲਾਵਾ ਗੁਰਦੀਪ ਸਿੰਘ ਧਾਲੀਵਾਲ ਨੇ ਆਪਣੀ ਗਾਇਕੀ ਰਾਹੀ ਗੁਰੂ ਜੀ ਦੀ ਉਸਤਤ ਕੀਤੀ। ਸਟੇਜ਼ ਸੰਚਾਲਨ ਕੁਲਦੀਪ ਸਿੰਘ ਕਾਲੇਕਾ ਨੇ ਕਰਦੇ ਹੋਏ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਦੇ ਲੰਗਰ ਅਤੁੱਟ ਵਰਤੇ।

# ਗੁਰਦੁਆਰਾ ਮਸਤੂਆਣਾ ਸਾਹਿਬ ਦੀ ਗਰੈਂਡ ਓਪਨਿੰਗ ਹੋਈ

**ਯੂਬਾ ਸਿਟੀ–** ਬੀਤੀ 10 ਨਵੰਬਰ ਦਿਨ ਐਤਵਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਯੂਬਾ ਸਿਟੀ ਦੀਆਂ ਸੰਗਤਾਂ ਨੇ ਨਵੇਂ ਬਣੇ ਗੁਰਦੁਆਰਾ ਮਸਤੂਆਣਾ ਸਾਹਿਬ ਯੂਬਾ ਸਿਟੀ ਵਿਚ ਸੰਗਤਾਂ ਨੇ ਬੜੇ ਧੂੰਮ ਧਾਮ ਨਾਲ ਮਨਾਇਆ। ਜਿੱਥੇ ਇਸ ਮੌਕੇ ਕਰਤਾਰ-ਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ, ਉਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤਾਂ ਨੂੰ ਨਵੇਂ ਗੁਰੂ ਘਰ ਦੀ ਦਾਤ ਬਖਸ਼ੀ। ਇਸ ਗੁਰੂ ਘਰ ਦੀ ਗਰੈਂਡ ਓਪਨਿੰਗ ਹੋਈ। ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਦੀ ਸੇਵਾ ਉਘੇ ਸਿੱਖ ਸ਼ਰਧਾਲੂ ਸ. ਦੀਦਾਰ ਸਿੰਘ ਬੈਂਸ ਪਰਿਵਾਰ ਵੱਲੋਂ ਹੋਈ। ਇਸ ਮੌਕੇ ਸ. ਦੀਦਾਰ ਸਿੰਘ ਬੈਂਸ ਦੇ ਬੇਟੇ ਸ. ਕਰਮਦੀਪ ਸਿੰਘ ਬੈਂਸ ਅਤੇ ਪਰਿਵਾਰ ਵੱਲੋਂ ਤਿੰਨ ਦਿਨ ਹਾਜ਼ਰੀ ਭਰੀ ਗਈ। ਬੈਂਸ ਪਰਿਵਾਰ ਨੂੰ ਗੁਰੂ ਘਰ ਵੱਲੋਂ ਸਿਰੋਪੇ ਨਾਲ ਸਨਮਾਨਿਤ ਕੀਤਾ ਗਿਆ। ਗੁਰੂ ਘਰ ਦੇ ਸੈਕਟਰੀ ਕੁਲਵੰਤ ਸਿੰਘ ਧਾਲੀਵਾਲ ਨੇ ਬੜੇ ਸੁਚੱਜੇ ਢੰਗ ਨਾਲ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਗਿਆਨੀ ਸਾਹਿਬ ਸਿੰਘ, ਗਿਆਨੀ ਜੋਗਿੰਦਰ ਸਿੰਘ, ਬੱਚੀ ਬੇਅੰਤ ਕੌਰ,



ਤਾਰਾ ਸਿੰਘ ਅਤੇ ਤਰਲੋਚਨ ਸਿੰਘ, ਸਰਵਣ ਸਿੰਘ, ਗਿਆਨੀ ਗੁਰਦੇਵ ਸਿੰਘ, ਹਰਦੇਵ ਸਿੰਘ, ਸੁਰਿੰਦਰ ਸਿੰਘ ਸਰੋਆ, ਕੁਲਵਿੰਦਰ ਸਿੰਘ ਬਰਨਾਲਾ, ਕੇਵਲ ਸਿੰਘ ਨਾਗਰਾ, ਹਰਦੇਵ ਸਿੰਘ ਐਲ. ਏ., ਮਰਚੰਡਾ ਵਾਲੇ ਪਿੰਦਰ ਲਾਲੀ, ਰੀਅਲ ਅਸਟੇਟ, ਬੀਬ ਬਖਸ਼ੋ, ਦਰਸ਼ਨ ਸਿੰਘ ਜੌਰਜ ਵਾਸ਼ਿੰਗਟਨ? ਸ. ਲਖਵਿੰਦਰ ਸਿੰਘ, ਗਿਆਨੀ ਹਰਜੀਤ ਸਿੰਘ ਸਾਬਕਾ ਹਜ਼ੂਰੀ ਰਾਗੀ ਦਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਸ. ਹਿਕਵਿੰਦਰ ਸਿੰਘ ਪ੍ਰੋਫੈਸਰ ਅਤੇ ਹੋਰ ਸ਼ਖਸ਼ੀਅਤਾਂ ਨੇ ਹਾਜ਼ਰੀ ਭਰੀ ਅਤੇ ਸਾਰਿਆਂ ਦਾ ਸਿਰੋਪਾਓ ਂਲ ਸਨਮਾਨ ਕੀਤਾ ਗਿਆ।

# ਭਾਰਤ ਤੇ ਅਮਰੀਕਾ ਵਿਚਾਲੇ ਰੱਖਿਆ ਖੇਤਰ 'ਚ ਅਹਿਮ ਸਮਝੌਤਾ ਅਗਲੇ ਮਹੀਨੇ ਸੰਭਵ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਭਾਰਤ ਤੇ ਅਮਰੀਕਾ ਵਿਚਾਲੇ ਅਗਲੇ ਮਹੀਨੇ ਹੋਣ ਵਾਲੀ ਮੀਟਿੰਗ ਵਿਚ 'ਇੰਡਸਟਰੀਅਲ ਸਕਿਉਰਟੀ ਅਨੈਕਸ' (ਆਈ.ਐਸ.ਏ) ਸਮਝੌਤੇ ਉਪਰ ਦਸਤਖਤ ਹੋਣ ਦੀ ਸੰਭਾਵਨਾ ਹੈ। ਇਹ ਸਮਝੌਤਾ ਹੋਣ ਨਾਲ ਦੋਨਾਂ ਦੇਸ਼ਾਂ ਵਿਚਾਲੇ ਰਖਿਆ ਖੇਤਰ ਵਿਚ ਸਹਿਯੋਗ ਹੋਰ ਮਜਬੂਤ ਹੋ ਜਾਵੇਗਾ। ਅਮਰੀਕੀ ਸਰਕਾਰ ਤੇ ਅਮਰੀਕੀ ਸਨਅਤਕਾਰ ਭਾਰਤ ਦੇ ਰਖਿਆ ਖੇਤਰ ਨਾਲ ਜੁੜੀਆਂ ਨਿੱਜੀ ਫਰਮਾਂ ਨਾਲ ਵਿਸ਼ੇਸ਼ ਜਾਣਕਾਰੀ ਸਾਂਝੀ ਕਰ ਸਕਣਗੇ। ਇਸ ਸਮੇਂ ਅਮਰੀਕਾ ਸਰਕਾਰ 17 ਸਾਲ ਪਹਿਲਾਂ ਹੋਏ ਸਮਝੌਤੇ 'ਜਨਰਲ ਸਕਿਉਰਟੀ ਆਫ ਮਿਲਟਰੀ ਇਨਫਰਮੇਸ਼ਨ' ਤਹਿਤ ਇਹ ਜਾਣਕਾਰੀ ਭਾਰਤ ਸਰਕਾਰ ਤੇ ਸਰਕਾਰੀ ਫਰਮਾਂ ਨਾਲ ਹੀ ਸਾਂਝਾ ਕਰ ਸਕਦੀ ਹੈ। ਜਾਣਕਾਰ ਸੂਤਰਾਂ ਅਨੁਸਾਰ ਇਹ ਮੀਟਿੰਗ 18 ਦਸੰਬਰ ਨੂੰ ਵਾਸ਼ਿੰਗਟਨ ਵਿਚ ਹੋਣ ਦੀ ਸੰਭਾਵਨਾ ਹੈ ਤੇ ਇਸ ਵਿਚ ਦੋਨਾਂ ਦੇਸ਼ਾਂ ਦੇ ਵਿਦੇਸ਼ ਤੇ ਰਖਿਆ ਮੰਤਰੀ ਸ਼ਾਮਿਲ ਹੋਣਗੇ। ਪਿਛਲੇ ਕਾਫੀ ਸਮੇਂ ਤੋਂ ਇਹ ਮੀਟਿੰਗ ਕਿਸੇ ਨਾ ਕਿਸੇ ਕਾਰਨ ਨਿਸ਼ਚਤ ਨਹੀਂ ਹੋ ਸਕੀ। ਇਸ ਸਬੰਧੀ ਪਿਛਲੀ ਮੀਟਿੰਗ ਪਿਛਲੇ ਸਾਲ ਸਤੰਬਰ ਵਿਚ ਨਵੀਂ ਦਿੱਲੀ 'ਚ ਹੋਈ ਸੀ। ਪਿਛਲੇ ਸਮੇਂ ਵਿਚ ਰਖਿਆ, ਸੁਰੱਖਿਆ ਤੇ ਰਣਨੀਤਿਕ ਮੁੱਦਿਆਂ 'ਤੇ ਦੋਨਾਂ ਦੇਸ਼ਾਂ ਵਿਚਾਲੇ ਨਜ਼ਦੀਕੀਆਂ ਵਧੀਆਂ ਹਨ। ਪਿਛਲੇ ਤਿੰਨ ਸਾਲਾਂ ਦੌਰਾਨ ਫੌਜੀ ਸਹਿਯੋਗ ਮਜਬੂਤ ਕਰਨ ਲਈ ਦੋ ਬੁਨਿਆਦੀ ਸਮਝੌਤਿਆਂ ਨੂੰ ਨੇਪਰੇ ਚਾੜਨ ਉਪਰੰਤ ਭਾਰਤ ਤੇ ਅਮਰੀਕਾ ਰਖਿਆ ਖੇਤਰ 'ਚ ਸਨਅਤੀ ਸਹਿਯੋਗ ਵਧਾਉਣ ਲਈ ਨਵਾਂ ਸਮਝੌਤਾ ਕਰਨ ਦੇ ਨੇੜੇ ਪੁੱਜ ਗਏ ਹਨ। ਸੂਤਰਾਂ ਨੇ ਦੱਸਿਆ ਕਿ ਇਸ ਸਮਝੌਤੇ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ।





ਦੇਸ਼ ਦੁਆਬਾ

# ਪ੍ਰਦੂਸ਼ਣ ਦਾ ਕਹਿਰ

ਇਸ ਵਾਰ ਦੀਵਾਲੀ ਤੋਂ ਪਹਿਲਾਂ ਦਿੱਲੀ ਅਤੇ ਉਸ ਦੇ ਆਲੇ-ਦੁਆਲੇ ਸੰਘਣੀ ਜ਼ਹਿਰੀਲੀ ਧੁੰਦ ਛਾ ਜਾਣ ਕਾਰਨ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਗਿਆ ਕਿ ਉਹ ਕਿਸਾਨਾਂ ਨੂੰ ਪਰਾਲੀ ਸਾੜਨੋਂ ਰੋਕ ਨਹੀਂ ਸਕੀਆਂ ਪਰ ਅਸੀਂ ਇਸ ਦੀ ਅਣਦੇਖੀ ਨਹੀਂ ਕਰ ਸਕਦੇ ਕਿ ਦਿੱਲੀ-ਐਨਸੀਆਰ ਵਿਚ ਬਾਰਿਸ਼ ਵਾਲੇ ਕੁਝ ਦਿਨਾਂ ਨੂੰ ਛੱਡ ਕੇ ਪੂਰਾ ਸਾਲ ਹਵਾ ਪ੍ਰਦੂਸ਼ਣ ਦੀ ਕਰੋਪੀ ਰਹਿੰਦੀ ਹੈ। ਗਰਮੀ ਵਿਚ ਫੇਫੜਿਆਂ ਵਿਚ ਜ਼ਹਿਰ ਭਰਨ ਦਾ ਦੋਸ਼ ਰਾਜਸਥਾਨ-ਪਾਕਿਸਤਾਨ ਤੋਂ ਆਉਣ ਵਾਲੀਆਂ ਧੂੜ ਭਰੀਆਂ ਹਵਾਵਾਂ ਨੂੰ ਦੇ ਦਿੱਤਾ ਜਾਂਦਾ ਹੈ ਤਾਂ ਠੰਢ ਵਿਚ ਪਰਾਲੀ ਸਾੜਨ ਨੂੰ। ਬੀਤੇ ਇਕ ਦਹਾਕੇ ਤੋਂ ਹਰ ਸਾਲ ਸਰਦੀਆਂ ਦੇ ਮੌਸਮ ਵਿਚ ਦਿੱਲੀ ਅਤੇ ਉੱਤਰੀ ਭਾਰਤ ਦੇ ਹੋਰ ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਦੀ ਚਰਚਾ ਹੁੰਦੀ ਹੈ। ਜਦ ਇਹ ਚਰਚਾ ਜ਼ੋਰ ਫੜਦੀ ਹੈ ਤਾਂ ਕਦੇ ਸੜਕਾਂ 'ਤੇ ਪਾਣੀ ਛਿੜਕ ਦਿੱਤਾ ਜਾਂਦਾ ਹੈ ਅਤੇ ਕਦੇ ਮਾੜਾ-ਮੋਟਾ ਹੋਰ ਓਹੜ-ਪੋਹੜ ਕਰ ਦਿੱਤਾ ਜਾਂਦਾ ਹੈ। ਇਸ ਦੇ ਇਲਾਵਾ ਕੰਸਟਰਕਸ਼ਨ ਭਾਵ ਨਿਰਮਾਣ ਕਾਰਜ ਰੁਕਵਾਉਣ ਵਰਗੇ ਕੰਮ ਵੀ ਕੀਤੇ ਜਾਂਦੇ ਹਨ। ਦਿੱਲੀ ਵਿਚ ਹਵਾ ਨਾਲ ਜ਼ਹਿਰੀਲੇ ਕਣ ਘੁਲਣ ਵਿਚ ਸਭ ਤੋਂ ਵੱਡਾ ਯੋਗਦਾਨ (23 ਫ਼ੀਸਦੀ) ਧੂੜ ਤੇ ਮਿੱਟੀ ਦੇ ਕਣਾਂ ਦਾ ਹੈ। ਸਤਾਰਾਂ ਫ਼ੀਸਦੀ ਹਿੱਸਾ ਮੋਟਰ-ਗੱਡੀਆਂ ਵੱਲੋਂ ਛੱਡੇ ਜਾਂਦੇ ਧੂੰਏਂ ਦਾ ਹੈ। ਜਨਰੇਟਰ ਵਰਗੇ ਉਪਕਰਨਾਂ ਦੀ ਨਿਕਾਸੀ 16 ਫ਼ੀਸਦੀ ਹੈ। ਇਸ ਦੇ ਇਲਾਵਾ ਸਨਅਤੀ ਨਿਕਾਸੀ 7 ਫ਼ੀਸਦੀ ਅਤੇ ਪਰਾਲੀ ਜਾਂ ਹੋਰ ਬਾਇਓ ਪਦਾਰਥਾਂ ਨੂੰ ਸਾੜਨ ਤੋਂ ਨਿਕਲੇ ਧੂੰਏਂ ਦਾ ਹਿੱਸਾ ਲਗਪਗ 12 ਫ਼ੀਸਦੀ ਹੁੰਦਾ ਹੈ। ਇਸ ਮੌਸਮ ਵਿਚ ਸਾਫ਼ ਹਵਾ ਦੀ ਖਲਨਾਇਕ ਪਰਾਲੀ ਹੈ। ਭਾਵੇਂ ਸਰਕਾਰ ਪਰਾਲੀ ਨੂੰ ਖੇਤ ਵਿਚ ਹੀ ਜਜ਼ਬ ਕਰਨ ਦੇ ਉਪਕਰਨ ਵੇਚ ਰਹੀ ਹੈ ਅਤੇ ਉਸ ਵਾਸਤੇ ਸਬਸਿਡੀ ਵੀ ਦੇ ਰਹੀ ਹੈ ਪਰ ਕਿਸਾਨਾਂ ਕੋਲ ਅਗਲੀ ਫ਼ਸਲ ਦੀ ਬਿਜਾਈ ਲਈ ਵਕਤ ਬਹੁਤ ਘੱਟ ਹੁੰਦਾ ਹੈ। ਇਸ ਲਈ ਉਹ ਪਰਾਲੀ ਨੂੰ ਸਾੜਨ ਵਿਚ ਹੀ ਬਿਹਤਰੀ ਸਮਝਦੇ ਹਨ। ਹਰਿਆਣਾ-ਪੰਜਾਬ ਸਦੀਆਂ ਤੋਂ ਖੇਤੀ ਪ੍ਰਧਾਨ ਸੂਬੇ ਰਹੇ ਹਨ। ਫਿਰ ਪਰਾਲੀ ਦੀ ਸਮੱਸਿਆ ਹਾਲ ਹੀ ਵਿਚ ਕਿਉਂ ਉੱਭਰੀ ਹੈ? ਇਸ ਸਵਾਲ ਦਾ ਜਵਾਬ ਉਸ ਬਿਰਤੀ ਵਿਚ ਲੁਕਿਆ ਹੈ ਜਿਸ ਤਹਿਤ ਰੇਗਿਸਤਾਨ ਨਾਲ ਲੱਗਦੇ ਪੰਜਾਬ ਅਤੇ ਹਰਿਆਣਾ ਵਿਚ ਝੋਨੇ ਦੀ ਬੇਹਿਸਾਬੀ ਖੇਤੀ ਹੋਣ ਲੱਗੀ। ਇਕ ਤਾਂ ਭਾਖੜਾ ਨੰਗਲ ਡੈਮ ਨੇ ਖ਼ੂਬ ਪਾਣੀ ਦਿੱਤਾ, ਫਿਰ ਉਪਜ ਚੰਗੀ ਹੋਈ ਤਾਂ ਕਿਸਾਨ ਧਰਤੀ ਹੇਠਲੇ ਪਾਣੀ ਨੂੰ ਬੇਹਿਸਾਬਾ ਵਰਤਣ ਲੱਗਾ। ਫਿਰ ਸਰਕਾਰ ਨੇ ਕਿਸਾਨਾਂ ਨੂੰ ਬਿਜਲੀ ਮੁਫ਼ਤ ਕਰ ਦਿੱਤੀ ਅਤੇ ਜ਼ਮੀਨ 'ਚੋਂ ਪਾਣੀ ਕੱਢਣ 'ਤੇ ਕੋਈ ਰੋਕ ਨਹੀਂ ਰਹੀ। ਇਸ ਦੇ ਇਲਾਵਾ ਜਿੰਨਾ ਵੀ ਝੋਨਾ ਉਗਾਓ, ਉਸ ਦੀ ਸਰਕਾਰੀ ਖ਼ਰੀਦ ਦੀ ਗਾਰੰਟੀ। ਇਸ ਸਮੇਂ ਦੇਸ਼ ਵਿਚ ਚੌਲਾਂ ਦਾ 110.28 ਲੱਖ ਮੀਟ੍ਰਿਕ ਟਨ ਅਤੇ ਝੋਨੇ ਦਾ 237.28 ਲੱਖ ਮੀਟ੍ਰਿਕ ਟਨ ਸੁਰੱਖਿਅਤ ਸਟਾਕ ਰੱਖਿਆ ਹੋਇਆ ਹੈ ਜਦਕਿ ਸਾਡੇ ਇੱਥੇ ਚੌਲ ਦੀ ਸਾਲਾਨਾ ਮੰਗ ਇਸ ਤੋਂ ਇਕ ਚੌਥਾਈ ਵੀ ਨਹੀਂ ਹੈ। ਕੀ ਅਜਿਹੇ ਹਾਲਾਤ ਵਿਚ ਝੋਨੇ ਦੀ ਖੇਤੀ ਨੂੰ ਨਿਰ-ਉਤਸ਼ਾਹਿਤ ਕਰਨ ਦੀ ਲੋੜ ਨਹੀਂ ਹੈ? ਜੇ ਅਜਿਹਾ ਹੋ ਜਾਵੇ ਤਾਂ ਹਵਾ ਪ੍ਰਦੂਸ਼ਣ ਲਈ ਜ਼ਿੰਮੇਵਾਰ ਇਕ ਕਾਰਕ ਨੂੰ ਨੱਥ ਪਾਈ ਜਾ ਸਕਦੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖ਼ੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਬਾਬੇ ਨਾਨਕ ਦਾ ਰੱਬੀ ਧਰਮ ਬਹੁਤੇ ਸਿੱਖਾਂ ਤੇ ਸਿੱਖ ਅਸਥਾਨਾਂ 'ਚੋਂ ਵੀ ਉਡਰਿਆ!





ਅਵਤਾਰ ਸਿੰਘ ਮਿਸ਼ਨਰੀ
510-432-5827

ਧਰਮ ਦਾ ਅਰਥ ਹੈ ਧਾਰਨ ਵਾਲੇ ਉਹ ਰੱਬੀ ਨਿਯਮ ਜਿਨ੍ਹਾਂ ਦੇ ਆਸਰੇ ਸੰਸਾਰ ਚੱਲ ਰਿਹਾ ਹੈ। ਨਿਰੰਕਾਰ ਹੀ ਸੰਸਾਰ ਦਾ ਕਰਤਾ, ਧਰਤਾ ਅਤੇ ਹਰਤਾ ਹੈ। ਬਾਬੇ ਨਾਨਕ ਨੂੰ ਨਿਰੰਕਾਰੀ ਵੀ ਇਸੇ ਕਰਕੇ ਕਿਹਾ ਜਾਂਦਾ ਹੈ ਕਿ ਉਹ ਇੱਕ ਨਿਰੰਕਾਰ ਦੇ ਉਪਾਸ਼ਕ ਅਤੇ ਉਪਦੇਸ਼ਕ ਸਨ। ਜਦ ਬਾਬਾ ਨਾਨਕ ਜੀ ਨਿਰੰਕਾਰੀ ਸੰਸਾਰ ਵਿੱਚ ਸਰੀਰਕ ਤੌਰ ਤੇ ਪ੍ਰਗਟ ਹੋਏ, ਓਦੋਂ ਕਰਮਕਾਂਡੀ, ਪਾਖੰਡਾਂ, ਵਹਿਮਾਂ, ਭਰਮਾਂ ਅਤੇ ਵਿਖਾਵੇ ਵਾਲੇ ਮਜ਼ਹਬਾਂ (ਮੱਤਾਂ) ਦਾ ਬੋਲ ਬਾਲਾ ਸੀ। ਅਸਲੀ ਧਰਮ, ਧਰਮ ਅਸਥਾਨਾਂ, ਧਰਮ ਆਗੂਆਂ ਅਤੇ ਉਨ੍ਹਾਂ ਦੇ ਅਨੁਯਾਈਆਂ ਕੋਲੋਂ ਮਾਨੋ ਪੰਖ ਲਾ ਕੇ ਉੱਡ ਗਿਆ ਸੀ-ਧਰਮ ਪੰਖ ਕਰਿ ਉਡਰਿਆ॥(ਭਾ.ਗੁ) ਜ਼ਿੰਦਗੀ ਦੇ ਚਾਰੇ ਸੰਸਕਾਰ ਜਨਮ, ਨਾਮਕਰਨ, ਵਿਆਹ ਅਤੇ ਮ੍ਰਿਤਕ ਭੇਖੀ ਅਤੇ ਪਾਖੰਡੀ ਆਗੂਆਂ ਵੱਲੋਂ ਜਨਤਾ ਨੂੰ ਲੁੱਟਣ ਵਾਸਤੇ, ਥੋਥੇ ਕਰਮਕਾਂਡਾਂ ਦੀ ਭੇਟ ਚੜ੍ਹਾ ਦਿੱਤੇ ਗਏ ਸਨ। ਥੋਥੇ ਕਰਮਕਾਂਡਾਂ ਰਾਹੀਂ ਮੁੱਲਾਂ, ਮੌਲਾਣੇ, ਬ੍ਰਾਹਮਣ, ਸੰਤ-ਸਾਧ, ਜੋਤਸ਼ੀ ਅਤੇ ਸਿੱਧ ਜੋਗੀ ਆਦਿਕ ਜਨਤਾ ਨੂੰ ਲੁੱਟਦੇ ਸਨ। ਪਰਜਾ ਨੂੰ ਅਸਲੀ ਧਰਮ ਅਤੇ ਵਿਦਿਆ ਵੱਲੋਂ ਅਗਿਆਨੀ ਰੱਖਿਆ ਜਾਂਦਾ ਸੀ-ਪਰਜਾ ਅੰਧੀ ਗਿਆਨ ਬਿਨ..॥(ਭਾ.ਗੁ) ਜਗਤ ਜਨਨੀ ਔਰਤ, ਕਿਰਤੀ ਕਾਮੇ (ਆਖੇ ਜਾਂਦੇ ਸ਼ੂਦਰ) ਆਦਿਕ ਦੁਰਕਾਰੇ ਤੇ ਦਬਾਏ ਜਾਂਦੇ, ਰਾਜੇ ਅਤੇ ਅਖੌਤੀ ਧਾਰਮਿਕ ਆਗੂ ਆਪਸ ਵਿੱਚ ਮਿਲ ਕੇ ਗਰੀਬ ਜਨਤਾ ਦਾ ਖ਼ੂਨ ਪੀਂਦੇ ਸਨ-ਰਾਜੇ ਸ਼ੀਹ ਮੁਕਦਮ ਕੁਤੇ॥ ਜਾਇ ਜਗਾਇਨ ਬੈਠੇ ਸੁਤੇ॥ਚਾਕਰ ਨਹਦਾ ਪਾਇਨਿ ਘਾਉ॥ਰਤੁ ਪਿਤੁ ਕੁਤਿਹੋ ਚਟਿ ਜਾਹੁ॥(੧੨੮੮)

ਐਸੇ ਭਿਆਨਕ ਸਮੇਂ "ਜ਼ਾਹਰ ਪੀਰ ਜਗਤ ਗੁਰ ਬਾਬਾ" ਨਾਨਕ ਨਿਰੰਕਾਰੀ ਜੀ ਸੰਸਾਰ ਵਿੱਚ ਪ੍ਰਗਟ ਹੋਏ ਅਤੇ ਨਿਰੰਕਾਰ ਦਾ ਸਰਬ ਸਾਂਝਾ ਰੱਬੀ ਧਰਮ ਸੰਸਾਰ ਨੂੰ ਦਰਸਾਇਆ। ਬਾਬੇ ਦੁਆਰਾ ਸੰਸਾਰ ਨੂੰ ਦਰਸਾਇਆ ਧਰਮ, ਕਿਰਤੀਆਂ, ਗਿਆਨੀਆਂ ਅਤੇ ਵਿਗਿਆਨੀਆਂ ਭਾਵ ਹਰ ਵਰਗ ਨਾਲ ਸਬੰਧਤ ਲੋਕਾਂ ਦਾ ਸਾਂਝਾ ਧਰਮ ਸੀ ਜਿਸ ਵਿੱਚ ਸੋ-ਕਾਲਡ ਕਥਾ-ਕਹਾਣੀਆਂ ਅਤੇ ਰਹੁ ਰੀਤਾਂ ਨੂੰ ਕੋਈ ਥਾਂ ਨਹੀਂ ਸੀ। ਇਸ ਵਿੱਚ ਜਨਤਾ ਲੋਟੂ ਪ੍ਰੋਹਿਤ ਪੁਜਾਰੀਆਂ, ਭੇਖੀ ਸਾਧਾਂ-ਸੰਤਾਂ ਅਤੇ ਮੁੱਲਾਂ ਮੌਲਾਣਿਆਂ ਦੀ ਵੀ ਕੋਈ ਪਦਵੀ ਨਹੀਂ ਸੀ। ਇਹ ਸਰਬਸਾਂਝਾ ਰੱਬੀ ਧਰਮ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਤੇ ਅਧਾਰਤ ਸੀ। ਇਸ ਸਰਬ ਸਾਂਝੇ ਧਰਮ ਨੂੰ ਜਨਤਾ ਵਿੱਚ ਪ੍ਰਚਾਰਨ ਲਈ ਬਾਬਾ ਨਾਨਕ ਨਿਰੰਕਾਰੀ ਸਭ ਧਰਮ, ਫਿਰਕਿਆਂ, ਮੰਦਰਾਂ, ਮਸਜ਼ਿਦਾਂ, ਮੱਠਾਂ, ਪਹਾੜਾਂ, ਕੰਦਰਾਂ, ਨਦੀਆਂ, ਸਾਗਰਾਂ ਅਤੇ ਤੀਰਥਾਂ 'ਤੇ ਨਿਧੜਕ ਹੋ ਸੱਚ ਪ੍ਰਚਾਰਨ ਪਾਖੰਡ ਬਿਡਾਰਨ ਗਿਆ-ਤੀਰਥੁ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥(੧੧੧੬) ਹਰੇਕ ਕਿਤਾਕਾਰੀ ਭਾਵੇਂ ਉਹ ਕਿਸਾਨ, ਵਾਪਾਰੀ, ਬਿਜਨਸਮੈਨ, ਜੁਲਾਹਾ, ਛੀਂਬਾ, ਸੁਨਾਰ, ਲੁਹਾਰ ਅਤੇ ਮਜਦੂਰ ਸੀ, ਬਾਬੇ ਦੁਆਰਾ ਦਰਸਾਏ ਰੱਬੀ ਧਰਮ ਨੂੰ ਅਪਣਾ ਕੇ, ਪੁਜਾਰੀਆਂ ਦੇ ਪਾਏ ਡਰ ਤੋਂ ਮੁਕਤ ਹੋ, ਆਪਣੇ ਘਰ ਬਾਰ ਕੰਮਕਾਰ ਵਿੱਚ ਹੀ ਸੁਖੀ ਜ਼ਿੰਦਗੀ ਬਤੀਤ ਕਰਨ ਲੱਗ ਪਿਆ। ਬਾਬੇ ਦੁਆਰਾ ਪ੍ਰਚਾਰੇ ਗਏ ਰੱਬੀ ਵਿਗਿਆਨਕ ਧਰਮ ਨੇ ਪੁਜਾਰੀ ਨੁਮਾਂ ਧਰਮ ਆਗੂਆਂ ਦੀ ਐਸ਼ਪ੍ਰਸਤੀ ਵਾਲੀ ਨੀਂਦ ਉਡਾ ਅਤੇ ਜਨਤਾ ਜਗਾ ਦਿੱਤੀ ਤਾਂ ਉਹ ਬਾਬੇ ਨੂੰ ਕੁਰਾਹੀਆ ਕਹਿ ਕੇ ਭੰਡਣ ਲੱਗੇ-ਕੋਈ ਆਖੈ ਭੂਤਨਾ ਕੋਈ ਕਹਿ ਬੇਤਾਲਾ॥ (੯੯੧)

ਬੇਪ੍ਰਵਾਹ ਬਾਬੇ ਨੇ ਸੰਗਤਾਂ ਵਿੱਚ ਜਾਗਰਤੀ ਪੈਦਾ ਕਰਕੇ, ਹਰੇਕ ਨਗਰ ਖੇੜੇ ਨੂੰ ਘਰ-ਘਰ ਤੱਕ ਧਰਮਸ਼ਾਲਾ ਬਣਾ ਕੇ, ਗੁਰਬਾਣੀ ਵਿਚਾਰ, ਕਥਾ, ਕੀਰਤਨ ਅਤੇ ਮਨੁੱਖੀ ਸੇਵਾ ਦਾ ਪ੍ਰਵਾਹ ਚਲਾ ਦਿੱਤਾ-ਘਰਿ ਘਰਿ ਅੰਦਰਿ ਧਰਮਸਾਲ ਹੋਵੇ ਕੀਰਤਨ ਸਦਾ ਵਸੋਆ॥ (ਭਾ.ਗੁ) (ਕਥਾ ਕੀਰਤਨ ਪ੍ਰਚਾਰ ਸੇਵਾ ਬਾਬਾ ਨਾਨਕ ਜੀ ਅਤੇ ਸੰਗਤਾਂ ਖੁਦ ਕਰਦੀਆਂ ਨਾਂ ਕਿ ਕੋਈ ਪੇਅਡ ਪੁਜਾਰੀ) ਮੰਦਰਾਂ, ਮੱਟਾਂ, ਠਾਕਰਦਵਾਰਿਆਂ ਅਤੇ ਮਸਜਿਦਾਂ ਦੇ ਧਰਮ ਆਗੂਆਂ ਦੇ ਸਤਾਏ ਹੋਏ ਲੋਕ, ਬਾਬੇ ਦੇ ਗਾਡੀ ਰਾਹ ਤੇ ਚੱਲ ਕੇ, ਘਰ-ਘਰ ਬਾਬੇ ਦੇ ਸਰਬ ਸਾਂਝੇ ਰੱਬੀ ਉਪਦੇਸ਼ਾਂ ਨੂੰ ਗਾਉਣ ਲੱਗ ਪਏ-ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗ ਰਬਾਬਾ॥(ਭਾ.ਗੁ) ਬਾਬੇ ਨਾਨਕ ਨਿਰੰਕਾਰੀ ਦਾ "ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ" ਵਾਲਾ ਰੱਬੀ ਧਰਮ ਹਰੇਕ ਕਿੱਤੇ, ਥਾਂ ਅਤੇ ਬਰਾਦਰੀ ਵਿੱਚ ਸੁਖੈਣ ਅਪਣਾਇਆ ਅਤੇ ਕਮਾਇਆ ਜਾ ਸਕਦਾ ਸੀ ਜਿਸ ਵਿੱਚ ਸੁੱਚ-ਭਿੱਟ, ਛੂਆ-ਛਾਤ, ਵਹਿਮ-ਭਰਮ, ਜਾਤਿ-ਬਰਾਦਰੀ, ਥੋਥੇ ਕਰਮਕਾਂਡ, ਕਲਪਿਤ ਨਰਕ-ਸਵਰਗ, ਦੇਵੀ-ਦੇਵਤਾ, ਪੁਜਾਰੀ, ਜੋਤਸ਼ੀ, ਅਖੌਤੀ ਸਾਧ-ਸੰਤ, ਪਾਖੰਡ ਅਤੇ ਕਰਾਮਾਤ ਆਦਿਕ ਮਨੌਤਾਂ ਅਤੇ ਡਰਾਵਿਆਂ ਨੂੰ ਕੋਈ ਥਾਂ ਨਹੀਂ ਸੀ। ਉਸ ਸੱਚ ਧਰਮ ਵਿੱਚ ਸਾਰੇ ਸਾਂਝੀਵਾਲ ਸਨ-ਸਭੇ ਸਾਂਝੀਵਾਲ ਸਦਾਇਨਿ॥(੯੭) ਸਭ ਮਾਈ, ਭਾਈ, ਵਰਨ ਨੂੰ ਸਾਂਝਾ ਉਪਦੇਸ਼ ਦਿੱਤਾ ਜਾਂਦਾ ਸੀ-ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਂਝਾ॥(੭੪੭) ਬਾਬਾ ਡੰਕੇ ਦੀ ਚੋਟ ਨਾਲ ਕਹਿੰਦਾ ਸੀ ਕਿ ਸਾਰੀ ਦੁਨੀਆਂ ਦਾ ਸੱਚਾ ਰੱਬੀ ਧਰਮ ਇੱਕ ਹੀ ਹੈ-ਏਕੋ ਧਰਮੁ ਦ੍ਰਿੜੈ ਸਚੁ ਸੋਈ॥ (੧੧੮੮)

ਬਾਬੇ ਨਾਨਕ ਨਿਰੰਕਾਰੀ ਦੇ ਰੱਬੀ ਧਰਮ ਵਿੱਚ ਨਾਂ ਕੋਈ ਹਿੰਦੂ ਨਾਂ ਮੁਸਲਮਾਨ ਸੀ-ਨਾ ਹਮ ਹਿੰਦੂ ਨ ਮੁਸਲਮਾਨ॥ ਅਲਾਹ ਰਾਮ ਕੇ ਪਿੰਡੁ ਪਰਾਨ॥(੧੧੩੮) ਬਾਬਾ ਸਭਨਾਂ ਨੂੰ ਇੱਕ ਪਿਤਾ ਪ੍ਰਮਾਤਮਾਂ ਦੇ ਬੱਚੇ-ਬੱਚੀਆਂ ਸਮਝ ਪਿਆਰ ਕਰਦਾ ਸੀ। ਇਸੇ ਕਰਕੇ ਕਹੇ ਜਾਂਦੇ ਕੀ ਹਿੰਦੂ, ਮੁਸਲਮਾਨ, ਬੋਧੀ, ਜੈਨੀ ਅਤੇ ਬ੍ਰਾਹਮਣ, ਸ਼ੂਦਰ ਸਾਰੇ ਬਾਬੇ ਦੇ ਉਪਦੇਸ਼ ਸੁਣਨ, ਧਰਮਸਾਲ-ਸਤਿਸੰਗਤ ਵਿੱਚ ਆਉਂਦੇ ਪਰ ਅੱਜ ਅਸੀਂ ਬਹੁਤੇ ਦੂਜਿਆਂ ਨੂੰ ਤਾਂ ਕੀ ਪਿਆਰ ਕਰਨਾਂ ਆਪਣੇ ਸਿੱਖ ਭਾਈ ਭੈਣਾਂ ਨੂੰ ਵੀ ਨਫਰਤ ਕਰਦੇ ਹਾਂ। ਅਮੀਰ-ਗਰੀਬ ਭਾਵ ਰਾਜਾ ਤੇ ਰੰਕ ਦੋਵਾਂ ਤਬਕਿਆਂ ਦੇ ਭਲੇ ਲੋਕ ਬਾਬੇ ਦੇ ਸੱਚ ਧਰਮ ਨੂੰ ਪਿਆਰ ਕਰਦੇ ਸਨ। ਰਾਜਾ ਰਾਏ ਬੁਲਾਰ, ਰਾਜਾ ਸ਼ਿਵਨਾਭ, ਨਵਾਬ ਦੌਲਤ ਖਾਂ ਲੋਧੀ, ਭਾਈ ਮਰਦਾਨਾਂ ਅਤੇ ਭਾਈ ਲਾਲੋ ਜੀ ਆਦਿਕ ਆਗੂ ਬਾਬੇ ਦੇ ਸੱਚੇ ਮੁਰੀਦ ਸਨ। ਬਾਬਾ ਕਿਰਤੀਆਂ, ਕਾਮਿਆਂ ਅਤੇ ਉੱਚਜਾਤੀ ਸਮਾਜ ਵੱਲੋਂ ਦੁਰਕਾਰੇ ਹੋਏ ਸ਼ੁਦਰਾਂ ਭਾਵ ਕਹੇ ਜਾਂਦੇ ਨੀਚਾਂ ਨੂੰ ਗਲੇ ਲਾਉਂਦਾ ਅਤੇ ਸਵੈਮਾਨ ਨਾਲ ਜੀਣ ਦਾ ਉਪਦੇਸ਼ ਦਿੰਦਾ ਸੀ-ਨੀਚ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ਨਾਨਕੁ ਤਿਨ ਕੇ ਸੰਗਿ ਸਾਥਿ ਵਡਿਆਂ ਸਿਉਂ ਕਿਆ ਰੀਸ॥(੧੫)

ਬਾਬਾ ਨਾਨਕ ਪਹਿਲਾ ਬੰਦੀਛੋੜ ਸੀ ਜਿਸ ਨੇ ਜ਼ਾਲਮ ਅਤੇ ਹੰਕਾਰੀ ਬਾਦਸ਼ਾਹ ਬਾਬਰ ਦੀ ਕੈਦ ਵਿੱਚੋਂ ਚੱਕੀ ਪੀਹ ਰਹੇ ਅਤੇ ਭਿਆਨਕ ਤਸੀਹੇ ਸਹਿ ਰਹੇ ਬੇਕਸੂਰ ਲੋਕਾਂ ਨੂੰ ਛੁਡਵਾਇਆ ਸੀ। ਬਾਬੇ ਦੇ ਸੱਚੇ ਸੁੱਚੇ ਇਲਾਹੀ ਉਪਦੇਸ਼ਾਂ ਅਤੇ ਮਨੁੱਖੀ ਪਿਆਰ ਵਾਲੇ ਕਰਤਬਾਂ ਨੇ ਸੱਜਣ ਵਰਗੇ ਠੱਗਾਂ, ਭੂਮੀਏਂ ਵਰਗੇ ਚੋਰਾਂ, ਕੌਡੇ ਵਰਗੇ ਰਾਕਸ਼ਾਂ ਅਤੇ ਰਾਜਾ ਸ਼ਿਵਨਾਭ ਵਰਗੇ ਆਯਾਸ਼ੀਆਂ ਦਾ ਜੀਵਨ ਬਦਲ, ਜਨਤਾ ਦੇ ਸੇਵਕ ਅਤੇ ਧਰਮ ਦੇ ਪ੍ਰਚਾਰਕ ਬਣਾ ਦਿੱਤਾ। ਜਿਸ ਨੂੰ ਦੁਰਕਾਰੇ ਜਾਣ ਕਰਕੇ ਕਿਤੇ ਵੀ ਢੋਈ ਨਹੀਂ ਸੀ ਮਿਲਦੀ ਉਹ ਨਿਸ਼ੰਗ ਹੋ ਨਾਨਕ ਨਿਰੰਕਾਰੀ ਬਾਬੇ ਦੀ ਸੰਗਤੀ ਸ਼ਰਣ ਆ ਮਾਨ ਮਹਿਸੂਸ ਕਰਦਾ।

ਇਤਿਹਾਸ ਦਸਦੈ ਕਿ ਬਿਨਾਂ ਅਧੁਨਿਕ ਸਾਧਨਾਂ ਦੇ, ਨਿਰੰਕਾਰੀ ਬਾਬੇ ਨੇ ਪੈਦਲ ਚੱਲ, ਘੋੜਸਵਾਰ ਹੋ ਅਤੇ ਸਮੁੰਦਰੀ ਬੇੜਿਆਂ ਰਾਹੀਂ ਡੂੰਘੇ ਸਮੁੰਦਰ ਪਾਰ ਕਰ, ਵੱਖ-ਵੱਖ ਦੇਸ਼ਾਂ, ਕੌਮਾਂ, ਕਬੀਲਿਆਂ ਅਤੇ ਮੱਤਾਂ ਦੇ ਕਰੀਬ ਤਿੰਨ ਕਰੋੜ ਲੋਕਾਂ ਨੂੰ ਸਰਬ ਸਾਂਝੇ ਰੱਬੀ ਧਰਮ ਦਾ ਉਪਦੇਸ਼ ਦਿੱਤਾ।ਇਸ ਉਪਦੇਸ਼ ਨੂੰ ਅੱਗੇ ਚਲਦਾ ਰੱਖਣ ਲਈ ਅਖੀਰ ਤੇ ਆਪਣਾ ਯੋਗ ਜਾਂਨਸ਼ੀਨ ਭਾਈ ਲਹਿਣਾ ਜੀ ਨੂੰ ਥਾਪ ਗੁਰੂ ਅੰਗਦ ਬਣਾ ਦਿੱਤਾ ਤੇ ਹੋਰ ਵੀ ਭਾਈ ਭਗੀਰਥ ਅਤੇ ਭਾਈ ਮਨਸੁਖ ਵਰਗੇ ਵੱਖ-ਵੱਖ ਕਿਰਤੀਆਂ ਨੂੰ ਪ੍ਰਚਾਰਕ ਥਾਪਿਆ। ਕੇਵਲ ਤੇ ਕੇਵਲ ਰੱਬ ਦਾ ਹੋਕਾ ਦਿੰਦੇ ਹੋਏ ਉਸ ਦਾ ਅਸਲੀ ਸਰੂਪ ਇਸ ਮੂਲ ਮੰਤ੍ਰ (ਮੁਢਲੇ ਉਪਦੇਸ਼) ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥(ਜਪੁ) ਵਿੱਚ ਦਰਸਾ ਕੇ ਰੱਬ ਬਾਰੇ ਸਾਰੇ ਭਰਮ ਭੁਲੇਖੇ ਹੀ ਦੂਰ ਕਰ ਦਿੱਤੇ।

ਅੱਜ ਜਗਤ ਰਹਿਬਰ, ਜਾਹਰ ਪੀਰ ਜਗਤ ਗੁਰ ਬਾਬਾ ਨਾਨਕ ਜੀ ਦਾ ਰੱਬੀ ਧਰਮ ਕਿੱਥੇ ਹੈ? ਗੁਰਦੁਆਰਿਆਂ ਜਾਂ ਬਾਬੇ ਦੇ ਉਪਦੇਸ਼ ਧਾਰਨ ਵਾਲਿਆਂ ਵਿੱਚ? ਕੀ ਬਾਬੇ ਨਾਨਕ ਨੂੰ ਸਤਿਗੁਰੂ ਕਹਿ ਕੇ ਪੂਜਣ ਵਾਲੇ ਬਾਬੇ ਦੇ ਅਧੁਨਿਕ ਸਰਬ ਸਾਂਝੇ ਰੱਬੀ ਧਰਮ ਨੂੰ ਜੀਵਨ ਵਿੱਚ ਅਪਣਾ ਰਹੇ ਹਨ? ਅੱਜ ਅਸੀਂ ਬਾਬੇ ਨਾਨਕ ਦੇ ਨਾਂ ਤੇ ਚੱਲ ਰਹੀਆਂ ਧਰਮਸ਼ਾਲਾਵਾਂ, ਗੁਰਦੁਆਰੇ, ਦਲ, ਜਥੇ, ਸਹਿਤ ਸਭਾਵਾਂ, ਵੱਖ-ਵੱਖ ਸਿੱਖ ਜਥੇਬੰਦੀਆਂ, ਡੇਰੇ, ਸੰਪ੍ਰਦਾਵਾਂ ਅਤੇ ਪ੍ਰਚਾਰਕ ਆਦਿਕ, ਵਿਖਾਵੇ ਵਾਲੀ ਪੂਜਾ-ਪਾਠ, ਧਰਮ ਦੇ ਨਾਂ ਤੇ ਥੋਥੇ ਕਰਮਕਾਂਡ, ਜਾਤਿ-ਪਾਤਿ, ਛੂਆ-ਛਾਤ, ਚੰਗੇ-ਮੰਦੇ ਦਿਨ, ਮੱਸਿਆ-ਪੁੰਨਿਆਂ, ਸੰਗਰਾਦਾਂ, ਵਹਿਮਾਂ-ਭਰਮਾਂ, ਅਖੌਤੀ ਨਰਕ-ਸਵਰਗ, ਜਾਦੂ-ਟੂਣੇ, ਭੂਤ-ਪ੍ਰੇਤ, ਜੋਤਸ਼, ਅਣਹੋਣੀਆਂ ਕਰਾਮਾਤਾਂ, ਮਨੁੱਖਤਾ ਵਿਰੋਧੀ ਗ੍ਰੰਥਾਂ, ਗੁਰਬਾਣੀ ਸਿਧਾਂਤਾਂ ਨੂੰ ਛੱਡ ਟਕਸਾਲੀ, ਸੰਪ੍ਰਦਾਈ, ਡੇਰੇ, ਸਾਧਾਂ-ਸੰਤਾਂ ਅਤੇ ਜੱਥਿਆਂ ਦੀਆਂ ਬਣਾਈਆਂ ਵੱਖ-ਵੱਖ ਰਹਿਤ ਮਰਯਾਦਾਵਾਂ ਦੇ ਭਰਮਜਾਲ ਵਿੱਚ ਉਲਝ ਕੇ, ਬ੍ਰਾਹਮਣਵਾਦ, ਪਾਖੰਡਵਾਦ, ਧੜੇਬੰਦੀ, ਸੰਪ੍ਰਦਾਈ, ਟਕਸਾਲਵਾਦ ਅਤੇ ਅੰਧਵਿਸ਼ਵਾਸ਼ਾਂ ਦੀ ਘੁੰਮਣਘੇਰੀ (ਸਾਂਕਲ ਜੇਵਰੀ) ਵਿੱਚ ਫਸ ਕੇ, ਧਰਮ ਅਤੇ ਮਰਯਾਦਾ ਦੇ ਨਾਂ ਤੇ ਭਰਾ ਮਾਰੂ ਲੜਾਈਆਂ ਲੜਦੇ ਹੋਏ ਖੁਆਰ ਹੋ ਰਹੇ ਅਵਾਜ਼ਾਂ ਮਾਰ ਰਹੇ ਹਾਂ "ਸਤਿਗੁਰ ਨਾਨਕ ਆ ਜਾਹ..."(ਗੀਤ) ਕੀ ਉਹ ਕਿਤੇ ਗਿਆ ਹੋਇਆ ਹੈ? ਨਹੀਂ ਸ਼ਬਦ ਕਰਕੇ ਸਦਾ ਹਾਜ਼ਰ ਹੈ।

ਉਸ ਦੀ ਸੱਚੀ ਸੁੱਚੀ ਸਰਬ ਗਿਆਨ ਸਪੰਨ ਗੁਰਬਾਣੀ ਜੋ "ਸ਼ਬਦ ਗੁਰੂ ਗ੍ਰੰਥ" 'ਚ ਦਰਜ ਹੈ ਦਾ ਨਿਰੋਲ ਪ੍ਰਚਾਰ ਕਰਨ ਵਾਲੇ ਕਿਰਤੀ ਪ੍ਰਚਾਰਕਾਂ ਨੂੰ ਤਾਂ ਬਹੁਤੇ ਅਜੋਕੇ ਪ੍ਰਬੰਧਕ ਤੇ ਡੇਰੇਦਾਰ, ਗੁਰੂ ਬਾਬੇ ਦੇ ਨਾਂ ਤੇ ਚਲਾਏ ਹੋਏ ਧਰਮ ਅਸਥਾਨਾਂ, ਗੁਰਦੁਆਰਿਆਂ ਅਤੇ ਸਭਾ ਸੁਸਾਇਟੀਆਂ ਦੀਆਂ ਸਟੇਜਾਂ 'ਤੇ ਸਮਾਂ ਨਹੀਂ ਦਿੰਦੇ। ਮੰਨ ਲਓ ਜੇ ਸੱਚ ਮੁੱਚ "ਬਾਬਾ ਜੀ" ਆਪ ਆ ਜਾਣ ਤਾਂ ਹੰਕਾਰੀ ਪ੍ਰਬੰਧਕ ਅਤੇ ਡੇਰੇਦਾਰ ਉਨ੍ਹਾਂ ਨੂੰ ਗੁਰਦੁਆਰਿਆਂ ਜਾਂ ਸਭਾ ਸੁਸਾਇਟੀਆਂ ਦੀਆਂ ਸਟੇਜਾਂ ਤੇ ਬੋਲਣ ਦੇਣਗੇ? ਸਾਡੇ ਬਹੁਤੇ ਪ੍ਰਚਾਰਕ ਤਾਂ ਬਾਬੇ ਨਾਨਕ ਨਿਰੰਕਾਰੀ ਦੀ ਵਿਚਾਰਧਾਰਾ ਦੇ ਵਿਰੋਧੀ ਅਤੇ ਡੇਰਾਵਾਦੀ ਮਨਘੜਤ ਕਥਾ ਕਹਾਣੀਆਂ ਅਤੇ ਮਰਯਾਦਾਵਾਂ ਦੇ ਧਾਰਨੀ, ਕਿਰਤ ਤੋਂ ਭਗੌੜੇ, ਨੰਗੀਆਂ ਲੱਤਾਂ ਵਾਲੇ, ਭੇਖਧਾਰੀ ਧੜੇਬੰਦਕ ਹਨ। ਕੀ ਬਾਬੇ ਨਾਨਕ ਦੇ ਰੱਬੀ ਧਰਮ ਦੀ ਝੱਲਕ ਉਨ੍ਹਾਂ ਦੇ ਰੋਜਮਰਾ ਜੀਵਨ ਚੋਂ ਪੈਂਦੀ ਹੈ? ਕੀ ਬਾਬੇ ਦੇ ਗੁਰਦੁਆਰਿਆਂ ਦੀਆਂ ਗੋਲਕਾਂ ਜੋ ਧਰਮ ਪ੍ਰਚਾਰ, ਲੋਕ ਭਲਾਈ ਦੇ ਕਾਰਜਾਂ ਵਾਸਤੇ ਵਰਤੀਆਂ ਜਾਣੀਆਂ ਸਨ, ਉਹ ਡੇਰੇਦਾਰ ਸਾਧਾਂ, ਧੜੇਬੰਦੀਆਂ, ਕੋਟ ਕਚਹਿਰੀਆਂ ਦੇ ਕੇਸਾਂ ਅਤੇ ਰਾਜਨੀਤਕ ਪਾਰਟੀਆਂ ਦੀ ਭੇਟਾ ਨਹੀਂ ਚੜ੍ਹਦੀਆਂ?

ਜਿਨ੍ਹਾਂ ਕਰਮਕਾਂਡਾਂ ਅਤੇ ਵਹਿਮਾਂ ਭਰਮਾਂ ਅਤੇ ਅੰਧ ਵਿਸ਼ਵਾਸ਼ਾਂ ਤੋਂ ਗੁਰਬਾਣੀ ਵਰਜਦੀ ਹੈ, ਕੀ ਸਾਡੇ ਧਰਮ ਅਸਥਾਨਾਂ ਗੁਰਦੁਆਰਿਆਂ ਆਦਿਕ ਵਿੱਚ ਦੂਜਿਆਂ ਦੀ ਦੇਖ-ਦੇਖੀ ਨਹੀਂ ਕੀਤੇ ਕਰਵਾਏ ਜਾ ਰਹੇ? ਆਰਤੀਆਂ, ਮੱਸਿਆ-ਪੁੰਨਿਆਂ, ਪੰਚਕਾਂ, ਸੰਗਰਾਂਦਾਂ, ਲੋਹੜੀਆਂ, ਦੀਵਾਲੀਆਂ, ਵਰੀਨੇ, ਸਰਾਧ, ਕੱਚੀ ਲੱਸੀ ਜਾਂ ਦੁੱਧ ਨਾਲ ਥੜਿਆਂ ਤੇ ਨਿਸ਼ਾਨਾਂ ਦੀ ਧੁਲਾਈ, ਗੁਰਬਾਣੀ ਦੇ ਮੰਤਰ ਪਾਠ (ਅਖੰਡ ਪਾਠਾਂ ਦੀਆਂ ਲੜੀਆਂ) ਕੁੰਭ ਨਾਰੀਅਲ ਜੋਤਾਂ, ਸੰਖ ਵਜਾਉਣੇ, ਅਖੌਤੀ ਸਾਧਾਂ ਦੀਆਂ ਬਰਸੀਆਂ, ਹਵਨ ਸਮੱਗਰੀਆਂ, ਯੋਗਾ ਅਭਿਆਸ ਅਤੇ ਵਿਸ਼ਕਰਮਾਂ ਡੇ ਜਿਨ੍ਹਾਂ ਨਾਲ ਬਾਬੇ ਨਾਨਕ ਜਾਂ ਉਨ੍ਹਾਂ ਦੇ ਅਨੁਯਾਈ ਗੁਰੂਆਂ ਅਤੇ ਭਗਤਾਂ ਦਾ ਕੋਈ ਸਬੰਧ ਨਹੀਂ, ਬਰਾਦਰੀ ਵਿੱਚ ਨੱਕ ਰੱਖਣ, ਭੀੜ ਇਕੱਠੀ ਕਰਕੇ ਗੋਲਕਾਂ ਭਰਨ, ਨੋਟ ਤੇ ਵੋਟ ਦੀ ਨੀਤੀ 'ਤੇ ਚੱਲਣ, ਮਲਕ ਭਾਗੋ ਵਾਲੇ ਤਰ੍ਹਾਂ-ਤਰ੍ਹਾਂ ਦੇ ਮਾਲ ਪੂੜੇ ਵਾਲੇ ਪਕਵਾਨਾਂ ਦੀ ਪ੍ਰਦਰਸ਼ਨੀ ਕਰਕੇ, ਖਾਣ ਪੀਣ ਅਤੇ ਮੌਜ ਮੇਲਾ ਕਰਨ ਲਈ ਨਹੀਂ ਕੀਤੇ ਕਰਾਏ ਜਾ ਰਹੇ? ਜੇ ਗੁਰੂ ਨਾਨਕ ਦੇ ਵੇਲੇ-ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਹੁ ਬਾਮਣ ਮੌਲਾਣੇ॥(ਭਾ.ਗੁ) ਅਤੇ ਧਰਮ ਪੰਖ ਕਰਿ ਉਡਰਿਆ॥(ਭਾ.ਗੁ) ਕੀ ਅੱਜ ਬਹੁਤੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਆਦਿਕ ਸਭਾ ਸੁਸਾਇਟੀਆਂ ਵਿੱਚ ਬਾਮਣ ਮੌਲਾਣਿਆਂ ਵਾਂਗ ਰਾਗੀ, ਗ੍ਰੰਥੀ, ਪ੍ਰਬੰਧਕ, ਪ੍ਰਚਾਰਕ, ਲੀਡਰ ਅਤੇ ਅਖੌਤੀ ਸਾਧ-ਸੰਤ ਗੋਲਕ ਅਤੇ ਧੜੇਬੰਦੀ ਖਾਤਰ ਨਹੀਂ ਲੜ ਰਹੇ? ਕੀ ਬਾਬੇ ਨਾਨਕ ਦਾ ਸਰਬਸਾਂਝਾ ਰੱਬੀ ਧਰਮ ਵੀ ਅੰਧ ਵਿਸ਼ਵਾਸ਼ਾਂ, ਕਰਮਮਕਾਂਡਾਂ, ਸਾਧਾਂ-ਸੰਤਾਂ, ਡੇਰੇਦਾਰਾਂ, ਧੜੇਬੰਦੀਆਂ ਅਤੇ ਰਾਜਨੀਤਕਾਂ ਦੇ ਪੰਖ ਲਗਾ ਕੇ ਉੱਡਾ ਨਹੀਂ ਦਿੱਤਾ ਗਿਆ? ਕੀ ਬਾਬਾ ਨਾਨਕ ਦਰਬਾਰ ਦੇ ਸਭ ਲਈ ਖੁੱਲ੍ਹੇ ਦਰਵਾਜੇ ਅਖੌਤੀ ਧਰਮੀਆਂ ਵੱਲੋਂ ਬੰਦ ਨਹੀਂ ਕੀਤੇ ਜਾ ਰਹੇ? ਇਹ ਸੱਚ ਹੈ ਕਿ ਅੰਨ੍ਹੀ ਸ਼ਰਧਾ ਦੇ ਨਾਂ ਤੇ ਜਗਿਆਸੂਆਂ ਨੂੰ ਧਰਮ ਪ੍ਰਚਾਰਕਾਂ ਤੋਂ ਸ਼ੰਕਿਆਂ ਸਬੰਧੀ ਸਵਾਲ ਪੁੱਛਣ ਤੋਂ ਵਰਜਿਆ ਜਾ ਰਿਹਾ ਅਤੇ ਬਾਬੇ ਦੇ "ਰੋਸ ਨ ਕੀਜੈ ਉਤਰ ਦੀਜੈ" ਦੇ ਸਿਧਾਂਤ ਨੂੰ ਦਬਾਇਆ ਜਾਂ ਖਤਮ ਕੀਤਾ ਜਾ ਰਿਹਾ ਹੈ।

ਸੋ ਉਪ੍ਰੋਕਤ ਵਿਚਾਰ-ਵਿਟਾਂਦਰੇ ਤੋਂ ਲਗਦਾ ਨਹੀਂ ਕਿ ਜਿਵੇਂ ਬਾਬੇ ਨਾਨਕ ਦਾ ਸਰਬ ਵਿਆਪੀ ਰੱਬੀ ਧਰਮ ਕਰਮਕਾਂਡਾਂ, ਵੇਖਾਵਿਆਂ, ਚੌਧਰਾਂ, ਜਾਤਾਂ-ਪਾਤਾਂ, ਛੂਆ-ਛਾਤਾਂ, ਵਹਿਮਾਂ-ਭਰਮਾਂ, ਕਰਾਮਾਤਾਂ, ਵਰਾਂ-ਸਰਾਪਾਂ, ਮਨਘੜਤ ਕਥਾ-ਕਹਾਣੀਆਂ, ਪੁੰਨਿਆ, ਮਸਿਆ, ਸੰਗ੍ਰਾਂਦਾਂ, ਹੋਲੀਆਂ, ਲੋਹੜੀਆਂ, ਦੀਵਾਲੀਆਂ, ਵਰ੍ਹੀਨਿਆਂ, ਕਥਿਤ ਮਹਾਂ ਪੁਰਖਾਂ ਦੀਆਂ ਬਰਸੀਆਂ, ਸੰਤਾਂ-ਮਹੰਤਾਂ, ਡੇਰਿਆਂ, ਟਕਸਾਲਾਂ, ਵੱਖ-ਵੱਖ ਜਥੇਬੰਧੀਆਂ, ਵੰਨ ਸੁਵੰਨੀਆਂ ਮਰਯਾਦਾਵਾਂ, ਯੋਗ ਅਭਿਆਸਾਂ, ਬਾਹਰੀ ਭੇਖਾਂ, ਮੋਨਿਆਂ ਤੇ ਕੇਸਾਧਾਰੀਆਂ, ਜੱਟ, ਭਾਪਿਆਂ, ਬ੍ਰਾਹਮਣ ਵੱਲੋਂ ਦੁਰਕਾਰੇ ਸ਼ੂਦਰਾਂ, ਜਾਤ ਬਰਾਦਰੀ ਤੇ ਨੱਕ ਰਖਾਈ ਦੇ ਨਾਂ ਤੇ ਬਾਹਰੋਂ ਆ ਵੜੀਆਂ ਜਾਂ ਵਾੜ ਲਈਆਂ ਗਈਆਂ ਥੋਥੀਆਂ ਰੀਤਾਂ-ਰਸਮਾਂ, ਫੋਕੇ ਸੰਸਕਾਰਾਂ, ਵਿਚਾਰੇ ਤੇ ਧਾਰੇ ਤੋਂ ਬਿਨਾਂ ਸੁਖਣਾ ਵਾਲੇ ਤੋਤਾ ਰਟਨੀ ਪਾਠਾਂ, ਸਿਮਰਨਾਂ, ਪੁਲੀਟੀਕਲ ਲੀਡਰਾਂ, ਲੰਬੇ ਚੋਲੇ ਵਾਲੇ ਪੁਜਾਰੀਆਂ, ਸਾਦੇ ਲੰਗਰਾਂ ਦੀ ਥਾਂ ਮਲਕ ਭਾਗੋ ਵਾਲੇ ਪਕਵਾਨਾਂ, ਭਲੀ ਸੁਹਾਵੀ ਛਾਪਰੀ ਧਰਮਸਾਲ ਵਾਲੀ ਸੰਗਤ ਦੀ ਥਾਂ ਬੇਲੋੜੀਆਂ ਸੰਗ ਮਰਮਰੀ ਬਿਲਡਿੰਗਾਂ, ਹੱਦੋਂ ਵੱਧ ਮਹਿਗੇ ਸ਼ਾਮਿਆਨਿਆਂ ਡੈਕੋਰੇਸ਼ਨਾਂ, ਖਾਣ ਪੀਣ ਤੇ ਵੇਖਾਵੇ ਵਾਲੀਆਂ ਪ੍ਰਭਾਤ ਫੇਰੀਆਂ ਅਤੇ ਗੁਰਮਤਿ ਤੋਂ ਸੱਖਣੇ ਨਗਰ ਕੀਰਤਨਾਂ ਦੀ ਥਾਂ, ਧੜੇਬੰਦੀ ਦੀਆਂ ਸਾਂਝਾਂ, ਸੰਗਤੀ ਵਿਚਾਰ ਵਿਟਾਂਦਰੇ ਦੀ ਥਾਂ ਕੇਵਲ ਰਵਾਇਤੀ ਕਥਾ-ਕੀਰਤਨਾਂ, ਨਾਮੀਂ ਕਥਾਵਾਚਕਾਂ ਦਾ ਵੀ ਜਗਿਆਸੂ ਸੰਗਤਾਂ ਦੇ ਸ਼ੰਕੇ ਨਵਿਰਤ ਨਾਂ ਕਰਨਾਂ, ਹਉਮੈਂ, ਹੰਕਾਰ ਤੇ ਊਚ-ਨੀਚ ਵਾਲੀ ਨਫਰਤ ਦੀ ਕਾਲੀ ਬੋਲੀ ਹਨੇਰੀ, ਝੱਖੜਾਂ ਤੇ ਤੁਫਾਨਾਂ ਅਦਿਕ ਨਾਲ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਚੋਂ ਵੀ ਬੜੇ ਜੋਰ ਸ਼ੋਰ ਨਾਲ ਉੱਡਦਾ ਜਾ ਰਿਹੈ ਪਰ ਸੱਚ ਕਦੇ ਖਤਮ ਨਹੀਂ ਹੁੰਦਾ ਅਤੇ ਕੂੜ ਨਿਖੁੱਟ ਜਾਂਦਾ ਹੈ-ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥(੯੫੩)

ਸੱਚ ਕਦੇ ਖਤਮ ਨਹੀਂ ਹੁੰਦਾ ਜੋ ਅੱਜ ਵੀ ਕਿਤੇ-ਕਿਤੇ "ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਅਤੇ ਉਸ ਬਾਣੀ ਨੂੰ ਦਿਲੋਂ ਪੜ੍ਹਨ, ਵਿਚਾਰਨ, ਧਾਰਨ ਅਤੇ ਪ੍ਰਚਾਰਨ ਵਾਲੇ ਕਿਰਤੀ ਸਿੱਖਾਂ ਸੇਵਕਾਂ ਵਿੱਚ ਵੇਖਿਆ ਜਾ ਸਕਦੈ ਪਰ ਉਹ-ਹੈਨਿ ਵਿਰਲੈ ਨਾਹੀ ਘਣੇ, ਫੈਲ ਫਕੜੁ ਸੰਸਾਰ॥(੧੪੧੧) ਕਾਮਨਾ ਕਰਦਾ ਹਾਂ ਕਿ ਅਕਾਲ ਪੁਰਖ ਨਿਰੰਕਾਰ ਜੀ ਇਕਵੀਂ ਸਦੀ ਵਿੱਚ ਵਿਚਰ ਰਹੀ ਲੋਕਾਈ ਤੇ ਖਾਸ ਕਰ ਬਾਬੇ ਨਾਨਕ ਦੇ ਸਿੱਖ ਸੇਵਕਾਂ ਨੂੰ ਸੁਮੱਤਿ ਬਖਸ਼ਣ, ਤਾਂ ਕਿ ਅਸੀਂ ਵਿਖਾਵੇ, ਅੰਧ ਵਿਸ਼ਵਾਸ਼, ਭੇਖ, ਥੋਥੇ ਕਰਮਕਾਂਡ, ਵਹਿਮ-ਭਰਮ, ਜਾਤ-ਪਾਤ, ਛੂਆ-ਛਾਤ, ਹਾਉਮੇ-ਹੰਕਾਰ, ਈਰਖਾ-ਦਵੈਤ, ਡੇਰਾਵਾਦ ਅਤੇ ਧੜੇਬੰਦੀਆਂ ਤੋਂ ਉੱਪਰ ਉੱਠ, ਬਾਬਾ ਨਾਨਕ ਨਿਰੰਕਾਰੀ ਦੇ ਸੱਚੇ-ਸੁੱਚੇ ਅਤੇ ਸਰਬ ਸਾਂਝੇ ਰੱਬੀ ਧਰਮ ਦੇ ਅਨੁਯਾਈ ਬਣ, ਆਪਣਾ ਅਤੇ ਹੋਰਨਾਂ ਦਾ ਵੀ ਮਾਨਸ ਜਨਮ ਸੁਖੀ, ਸਫਲ ਅਤੇ ਸੁਹੇਲਾ ਕਰ ਸੱਕੀਏ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਹਾਇਤਾ ਸੰਸਥਾ ਲਈ ਫੰਡ ਇਕੱਤਰਤਾ ਤੇ ਫਰਿਜ਼ਨੋ ਨਿਵਾਸੀਆਂ ਵੱਲੋਂ ਬੇਮਿਸਾਲ ਹੁੰਗਾਰਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸਥਾਨਿਕ ਇੰਡੀਆ ਕਬਾਬ ਪਲੇਸ ਰੈਸਟੋਰੈਂਟ ਵਿੱਚ ਪੀਸੀਏ ਦੇ ਉਦਮ ਸਦਕਾ ਇੱਕ ਵਿਸ਼ੇਸ਼ ਫੰਡ ਰੇਜ਼ਰ ਦਾ ਉਪਰਾਲਾ ਸਹਾਇਤਾ ਸੰਸਥਾ ਲਈ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇਕੱਤਰ ਕਰਕੇ ਸਹਾਇਤਾ ਸੰਸਥਾ ਦੀ ਝੋਲ੍ਹੀ ਪਾਏ। ਇਥੇ ਇਹ ਗੱਲ ਜਿਕਰਯੋਗ ਹੈ ਕਿ ਸਹਾਇਤਾ ਸੰਸਥਾ 2004 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੌੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ਼ ਲਈ ਉਪਰਾਲੇ ਕਰ ਰਹੀ ਹੈ। ਇਸ ਸਮਾਗਮ ਅੰਮ੍ਰਿਤ ਧਾਲੀਵਾਲ ਨੇਂ ਸ਼ਭ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ ਅਤੇ ਉਹਨਾਂ ਨੇ ਸਹਾਇਤਾ ਸੰਸਥਾ ਦੇ ਕੰਮਾ ਨੂੰ ਸਲਾਹਿਆ ਅਤੇ ਸੰਸਥਾ ਦੀ ਹਰ ਤਰਾਂ ਦੀ ਮੱਦਦ ਲਈ ਵਚਨ-ਬੱਧਤਾ ਪ੍ਰਗਟਾਈ। ਡਾ. ਹਰਕੇਸ਼ ਸੰਧੂ ਨੇਂ ਸ਼ੰਸ਼ਥਾ ਦੇ ਇਤਿਹਾਸ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ। ਬਿੰਦਰ ਢਿੱਲੋਂ ਦੀ ਜੁਬਾਨੀਂ ਅਨਾਥ ਬੱਚੇ ਬੱਚੀਆਂ ਦੀਆਂ ਦਰਦਨਾਕ ਕਹਾਣੀਆਂ ਸੁਣਕੇ ਹਰ ਅੱਖ ਨੰਮ ਹੋ ਗਈ। ਸਰੂਪ ਸਿੰਘ ਝੱਜ ਨੇ ਇਸ ਮੌਕੇ ਪੰਜਾਬ ਅੰਦਰ ਹੜ ਪੀੜਤਾਂ ਦੀ ਸਹਾਇਤਾ ਵੱਲੋਂ ਕੀਤੀ ਮੱਦਦ ਸਬੰਧੀ ਰਿਪੋਰਟ ਵੀ ਆਏ ਦਾਨੀ ਸੱਜਣਾਂ ਨਾਲ ਸਾਂਝੀ ਕੀਤੀ, ਇਸ ਮੌਕੇ ਉਹਨਾਂ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਵੀ ਪ੍ਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ। ਸਟੇਜ ਸੰ-ਚਾਲਨ ਸੁਖਬੀਰ ਸੁਖਬੀਰ ਭੰਡਾਲ ਨੇ ਬਾਖੂਬੀ ਕੀਤਾ ।ਛੋਟੇ ਬੱਚਿਆ ਨੇ ਗਿੱਧੇ ਭੰਗੜੇ ਦੇ ਜੌਹਰ ਵਿਖਾਏ। ਬੋਲਣ ਵਾਲੇ ਬੁਲਾਰਿਆ ਵਿੱਚ ਸਰੂਪ ਸਿੰਘ ਝੱਜ, ਸੁਖਬੀਰ ਭੰਡਾਲ, ਆਦਿ ਦੇ ਨਾਮ ਜਿਕਰਯੋਗ ਹਨ। ਇਸ ਮੌਕੇ ਦਾਨੀਂ ਸੱਜਣਾਂ ਨੇ ਸਹਾਇਤਾ ਸੰਸਥਾ ਦੇ ਕਾਰਕੁਨਾਂ ਦਾ ਤਾੜੀਆਂ ਮਾਰਕੇ ਉਹਨਾਂ ਦੁਆਰਾ ਕੀਤੇ ਜਾ ਰਹੇ ਨਿਸ਼ਕਾਮ ਕਾਰਜ਼ਾਂ ਲਈ ਹੌਸਲਾ ਫਿਸਾਈ ਕੀਤੀ ਗਈ। ਅਖੀਰ ਰਾਤਰੀ ਦੇ ਭੋਜਨ ਨਾਲ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ।




# ਫਰਿਜ਼ਨੋ ਵਿੱਚ ਗੋਲੀਬਾਰੀ ਦੌਰਾਨ 4 ਲੋਕਾਂ ਦੀ ਮੌਤ 'ਤੇ 6 ਜਖਮੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–**ਇੱਥੇ ਇਕ ਮਕਾਨ ਦੇ ਪਿੱਛੇ ਦੇ ਵਿਹੜੇ ਵਿਚ ਫੁੱਟਬਾਲ ਮੈਚ ਦੇਖ ਰਹੇ ਲੋਕਾਂ 'ਤੇ ਐਤਵਾਰ ਨੂੰ ਕੁਝ ਸ਼ੱਕੀਆਂ ਨੇ ਗੋਲੀਬਾਰੀ ਕੀਤੀ। ਇਸ ਗੋਲੀਬਾਰੀ ਵਿਚ ਘੱਟੋ-ਘੱਟ 4 ਲੋਕਾਂ ਦੀ ਮੌਤ ਹੋ ਗਈ ਅਤੇ 6 ਹੋਰ ਜ਼ਖਮੀ ਹੋ ਗਏ। ਪੁਲਸ ਮੁਤਾਬਿਕ ਗੋਲੀਬਾਰੀ ਮੌਕੇ ਘਰ ਵਿੱਚ ਤਕਰੀਬਨ 35 ਲੋਕਾਂ ਮਜੂਦ ਸਨ।

ਫਰਿਜ਼ਨੋ ਪੁਲਸ ਨੇ ਕਿਹਾ ਕਿ ਐਤਵਾਰ ਰਾਤ ਤਕਰੀਬਨ 8.30 ਵਜੇ ਸੀਜਰ ਐਵੀਨਿਊ ਨੇੜੇ ਈਸਟ ਲਾਮੋਨਾ ਐਵੀਨਿਊ ਦੇ 5300 ਬਲਾਕ 'ਤੇ ਇਕ ਘਰ ਦੇ ਪਿਛਲੇ ਹਿੱਸੇ ਵਿਚ 10 ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ। ਫਰਿਜ਼ਨੋ ਦੇ ਉਪ ਪੁਲਸ ਪ੍ਰਮੁੱਖ ਮਾਈਕਲ ਰੀਡ ਨੇ ਪੱਤਰਕਾਰਾਂ ਨੂੰ ਕਿਹਾ, "3 ਲੋਕਾਂ ਦੀ ਘਟਨਾਸਥਲ 'ਤੇ ਹੀ ਮੌਤ ਹੋ ਗਈ। ਚੌਥੇ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੇ ਦਮ ਤੋੜ ਦਿੱਤਾ। ਗੋਲੀਬਾਰੀ ਵਿਚ ਜ਼ਖਮੀ ਹੋਏ 6 ਲੋਕਾਂ ਦਾ ਇਲਾਜ ਜਾਰੀ ਹੈ।" ਰੀਡ ਨੇ ਦੱਸਿਆ ਕਿ ਸਾਰੇ ਜ਼ਖਮੀਆਂ ਦੀ ਉਮਰ 25 ਤੋਂ 35 ਸਾਲ ਦੇ ਵਿਚਕਾਰ ਹੈ, ਅਤੇ ਸਾਰੇ ਲੋਕ ਏਸ਼ੀਅਨ ਮੂਲ ਨਾਲ ਸਬੰਧਤ ਹਨ। ਉਨ੍ਹਾਂ ਨੇ ਕਿਹਾ,"ਸਾਡੀ ਹਮਦਰਦੀ ਪੀੜਤਾਂ ਦੇ ਨਾਲ ਹੈ। ਅਸੀਂ ਅਪਰਾਧੀਆਂ ਨੂੰ ਨਿਆਂ ਦੇ ਦਾਇਰੇ ਵਿਚ ਲਿਆਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ। ਰੀਡ ਨੇ ਕਿਹਾ ਇਹ ਸਪੱਸ਼ਟ ਨਹੀਂ ਹੈ ਕਿ ਗੋਲੀਬਾਰੀ ਵਿਚ ਕਿੰਨੇ ਲੋਕ ਸ਼ਾਮਲ ਸਨ। ਉਨ੍ਹਾਂ ਨੇ ਦੱਸਿਆ ਕਿ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਇਹ ਹਮਲਾ ਗਿਰੋਹ ਨਾਲ ਸਬੰਧਤ ਸੀ। ਪੁਲਸ ਬੁਲਾਰੇ ਬਿਲ ਡੂਲੇ ਨੇ ਦੱਸਿਆ ਕਿ ਅਧਿਕਾਰੀ ਸ਼ੱਕੀਆਂ ਦਾ ਪਤਾ ਲਗਾਉਣ ਲਈ ਸੀ. ਸੀ. ਟੀ. ਵੀ. ਫੁਟੇਜ ਅਤੇ ਗਵਾਹਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਰਕ ਰਹੇ ਹਨ।



ਫਰਿਜ਼ਨੋ ਪੁਲਸ ਲੈਫਟੀਨੈਂਟ ਬਿਲ ਡੂਲੇ ਨੇ ਕਿਹਾ ਕਿ ਇਹ ਇਕ ਵੱਡੇ ਹਾਦਸੇ ਵਾਲੀ ਘਟਨਾ ਸੀ। ਉਨ੍ਹਾਂ ਨੇ ਦੱਸਿਆ ਕਿ ਜਦੋਂ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਨੇ ਕਈ ਲੋਕ ਮ੍ਰਿਤਕ ਪਾਏ। ਡੂਲੇ ਨੇ ਕਿਹਾ ਕਿ ਅਣਪਛਾਤੇ ਸ਼ੱਕੀ ਗੋਲੀਬਾਰੀ ਕਰਨ ਬਾਅਦ ਮੌਕੇ ਤੋਂ ਫਰਾਰ ਹੋ ਗਏ। ਘਟਨਾ-ਸਥਲ ਦੇ ਨੇੜੇ ਰਹਿਣ ਵਾਲੇ ਚੌਆ ਕਾਂਗ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਵਿਚ ਇੱਥੇ ਗੋਲੀਬਾਰੀ ਦੀ ਇਹ ਦੂਜੀ ਘਟਨਾ ਹੈ।

# ਮਾਸਕਟ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਇਆ ਗਿਆ

ਗੁਰਦੁਆਰਾ ਸਿੰਘ ਸਭਾ ਗਾਲ੍ਹਾ ਮਾਸਕਟ ਓਮਾਨ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਓਮਾਨ ਦੀਆਂ ਸੰਗਤਾਂ ਵਲੋਂ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅਰਦਾਸੀਆ ਸਿੰਘ ਭਾਈ ਸੁਲਤਾਨ ਸਿੰਘ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਸ਼੍ਰੀ ਅਨੰਦਪੁਰ ਸਾਹਿਬ, ਸੰਤ ਬਾਬਾ ਜਗੀਰ ਸਿੰਘ, ਕਥਾਵਾਚਕ ਗਿਆਨੀ ਕੁਲਵਿੰਦਰ ਸਿੰਘ ਘੁੰਮਣ ਆਦਿ ਵਲੋਂ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ 'ਤੇ ਚਲਦਿਆਂ ਆਪਣਾ ਮਨੁੱਖਾ ਜੀਵਨ ਸਫ਼ਲਾ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਵੱਖ- ਵੱਖ ਕੀਰਤਨੀ ਜਥਿਆਂ ਵਲੋਂ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਸ.ਪ੍ਰੇਮਪਾਲ ਸਿੰਘ ਖਾਲਸਾ, ਸ. ਹਰਮਿੰਦਰ ਸਿੰਘ ਖਾਲਸਾ ਅਤੇ ਪ੍ਰਬੰਧਕਾਂ ਵਲੋਂ ਆਈ ਹੋਈ ਸੰਗਤ ਦੀ ਗੁਰੂ ਕੇ ਅਤੁਟ ਲੰਗਰਾਂ ਰਹੀ ਟਹਿਲ ਸੇਵਾ ਕੀਤੀ ਗਈ।ਇਸ ਸਮਾਗਮ ਦੀ ਸਾਰੀ ਕਵਰੇਜ ਚੜ੍ਹਦੀਕਲਾ ਟਾਈਮ ਟੀ. ਵੀ. ਚੈਨਲ ਦੇ ਰਿਪੋਰਟਰ ਸ.ਸ਼ਿੰਦਰਪਾਲ ਸਿੰਘ ਚਾਹਲ ਅਤੇ ਜਸਵਿੰਦਰ ਬੱਲ ਵਲੋ ਕੀਤੀ ਗਈ, ਜਿਸ ਦਾ ਪ੍ਰਸਾਰਨ ਮਿਤੀ 22 ਨਵੰਬਰ ਦਿਨ ਸੁਕਰਵਾਰ ਨੂੰ ਭਾਰਤ ਵਿਚ ਦੁਪਹਿਰ 1ਵਜੇ ਤੋਂ 2 ਵਜੇ ਤੱਕ ਅਤੇ ਓਮਾਨ ਵਿੱਚ ਸਵੇਰੇ 11:30 ਵਜੇ ਤੋਂ 12:30 ਵਜੇ ਕੀਤਾ ਜਾਵੇਗਾ।ਇਸ ਸਮਾਗਮ ਵਿੱਚ ਪੰਜਾਬ ਤੋਂ ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ( ਰਜਿ) ਦੇ ਪ੍ਰਧਾਨ ਸ਼੍ਰੀ ਬੀਰ ਚੰਦ ਸੁਰੀਲਾ, ਸ.ਰਾਮ ਸਿੰਘ ਬੱਧਣ ਸਾਬਕਾ ਡੀ ਐਸ ਐਸ ਓ ਜੋ ਸ. ਪ੍ਰੇਮ ਸਿੰਘ ਖਾਲਸਾ ਜੀ ਦੇ ਸੱਦੇ 'ਤੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਪ੍ਰਬੰਧਕ ਕਮੇਟੀ ਤੋਂ ਇਲਾਵਾ ਇਸ ਧਾਰਮਿਕ ਸਮਾਗਮ ਵਿੱਚ ਸਰਵਸ਼੍ਰੀ ਹਰਮਿੰਦਰ ਜੀਤ ਸਿੰਘ,ਸ.ਜੁਗਿੰਦਰ ਸਿੰਘ, ਸ.ਦਵਿੰਦਰ ਸਿੰਘ, ਸ.ਗੁਸੇਵਕ ਸਿੰਘ, ਭਾਈ ਸਵਰਨ ਸਿੰਘ ਤੋਂ ਇਲਾਵਾ ਹਜ਼ਾਰਾਂ ਸਿੱਖ ਸੰਗਤਾਂ ਨੇ ਗੁਰੂ ਘਰ ਵਿੱਚ ਹਾਜ਼ਰੀ ਭਰੀ।ਇਸ ਸਮਾਗਮ ਵਿੱਚ ਸਟੇਜ ਸਕੱਤਰ ਦੀ ਸੇਵਾ ਗਿਆਨੀ ਹਰਬੰਸ ਸਿੰਘ ਜੀ ਨੇ ਬਾਖੂਬੀ ਨਿਭਾਈ।




SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊਯਾਰਕ, ਵਲੋਂ ਨਵੰਬਰ ਮਹੀਨੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

ਹਿੰਦੋਸਤਾਨ (ਭਾਰਤ) ਉੱਤੇ ਅੰਗਰੇਜ਼-ਰਾਜ ਵਿਰੁੱਧ ਆਜ਼ਾਦੀ ਦੀ ਜੰਗ ਲੜਦਿਆਂ ਹਜ਼ਾਰਾਂ ਯੋਧਿਆਂ ਨੇ ਤਸੀਹੇ ਝੱਲੇ, ਜਾਇਦਾਦਾਂ ਕੁਰਕ ਕਰਾਈਆਂ ਅਤੇ ਜਲਾਵਤਨੀ ਸਹਿੰਦੇ ਹੋਏ ਫਾਂਸੀਆਂ ਦੇ ਰੱਸੇ ਚੁੰਮੇ।ਸਿਰੜੀ ਯੋਧਿਆਂ ਨੇ ਆਖਿਰ ਨੂੰ ਜ਼ਾਲਿਮ ਅੰਗਰੇਜ਼ ਦੇ ਰਾਜ ਨੂੰ ਢਹਿ ਢੇਰੀ ਕਰਕੇ ਸਾਹ ਲਿਆ। ਉਨ੍ਹਾਂ ਯੋਧਿਆਂ ਨੂੰ ਯਾਦ ਕਰਨਾ ਅੱਜ ਦੇ ਭਾਰਤੀ ਸਮਾਜ ਦਾ ਫਰਜ਼ ਹੈ। ਆਜ਼ਾਦੀ ਦਾ ਬਿਗਲ 1857 ਦੇ ਗ਼ਦਰ ਤੋਂ ਪਹਿਲਾਂ ਹੀ ਬੱਜ ਗਿਆ ਸੀ ਜਿਸ ਦਾ ਸਿਹਰਾ ਮਹਾਰਾਜ ਸਿੰਘ ਦੇ ਸਿਰ ਬੱਝਦਾ ਹੈ। ਇਤਿਹਾਸ ਗਵਾਹ ਹੈ ਕਿ ਮਹਾਰਾਜ ਸਿੰਘ ਦਾ ਲੋਕਾਂ ਵਿਚ ਬੜਾ ਮਾਣ ਸਤਿਕਾਰ ਸੀ ਅਤੇ ਅੰਗਰੇਜ਼ ਉਸ ਤੋਂ ਥਰ ਥਰ ਕੰਬਦੇ ਸਨ। ਉਸ ਤੋਂ ਛੇਤੀਂ ਬਾਅਦ ਕੂਕਾ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਜੀ ਨੇ ਅੰਗਰੇਜ਼ ਰਾਜ ਦੇ ਵਿਰੁੱਧ ਆਜ਼ਾਦੀ ਦਾ ਬੀੜਾ ਚੁੱਕਿਆ। ਸਹੀ ਅਰਥਾਂ ਵਿਚ ਬਾਬਾ ਜੀ ਆਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰਨ ਵਾਲੇ ਪਹਿਲੇ ਘੁਲਾਟੀਏ ਸਨ।

ਨਵੰਬਰ 26, 1871 ਨੂੰ, ਜ਼ਾਲਮ ਫਰੰਗੀ ਨੇ ਲੁਧਿਆਣਾ ਸ਼ਹਿਰ ਵਿਚ ਦੋ ਕੂਕਿਆਂ, ਗਿਆਨੀ ਰਤਨ ਸਿੰਘ ਤੇ ਸੂਬਾ ਰਤਨ, ਨੂੰ ਲੋਕਾਂ ਦੇ ਸੌਂਹੇਂ ਦਰੱਖਤ ਨਾਲ ਬੰਨ੍ਹ ਕੇ ਸ਼ਹੀਦ ਕਰ ਦਿੱਤਾ।ਇਸ ਘਟਣਾ ਨੂੰ 'ਸ਼ਹੀਦੀ ਸਾਕਾ ਲੁਧਿਆਣਾ' ਕਿਹਾ ਜਾਂਦਾ ਹੈ। ਨਵੰਬਰ 16, 1915 ਨੂੰ 'ਪਹਿਲੇ ਲਾਹੌਰ ਸਾਜਿਸ਼ ਕੇਸ' ਵਿਚ ਸੱਤ ਗ਼ਦਰੀ ਯੋਧਿਆਂ ਨੂੰ ਦੋਸ਼ੀ ਠਹਿਰਾ ਕੇ




ਸੈਂਟ੍ਰਲ ਜੇਲ੍ਹ ਲਾਹੌਰ ਵਿਚ ਫਾਂਸੀ 'ਤੇ ਚਾੜ੍ਹਿਆ ਗਿਆ।ਇਨ੍ਹਾਂ ਦੇ ਨਾਂ ਸਨ: ਕਰਤਾਰ ਸਿੰਘ (ਸਰਾਭਾ, ਲੁਧਿਆਣਾ), ਵਿਸ਼ਨੂੰ ਗਣੇਸ਼ ਪਿੰਗਲੇ (ਤਾਲੇਗਾਓਂ ਧਮਧੇਰਾ, ਪੂਨਾ, ਮਹਾਂਰਾਸ਼ਟਰ), ਜਗਤ ਸਿੰਘ (ਸੁਰਸਿੰਘ, ਅੰਮ੍ਰਿਤਸਰ), ਹਰਨਾਮ ਸਿੰਘ (ਭੱਟੀ ਗੁਰਾਇਆ, ਸਿਆਲਕੋਟ), ਸੁਰੈਣ ਸਿੰਘ ਸਪੁੱਤਰ ਬੂੜ ਸਿੰਘ (ਗਿੱਲਵਾਲੀ, ਅੰਮ੍ਰਿਤਸਰ), ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ (ਗਿੱਲਵਾਲੀ, ਅੰਮ੍ਰਿਤਸਰ), ਬਖ਼ਸ਼ੀਸ਼ ਸਿੰਘ (ਗਿੱਲਵਾਲੀ, ਅੰਮ੍ਰਿਤਸਰ)।

ਨਵੰਬਰ 6, 1915 ਨੂੰ ਆਲੀਦੀਨ ਢਾਲਾ ਸਪੁੱਤਰ ਪੂਰਤੀ ਫਕੀਰ ਮੁਹੰਮੱਦ (ਜੰਜੀ ਬਾਰ, ਗੁਜਰਾਤ)। ਨਵੰਬਰ 22, 1915 ਨੂੰ ਨਰਿੰਦਰ ਦਾਸ ਗੁਪਤਾ ਤੇ ਮਨੋਰੰਜਨ ਸੇਨਗੁਪਤਾ ਨੇ ਸ਼ਹੀਦੀ ਜਾਮ ਪੀਤਾ। ਨਵੰਬਰ 26, 1915 ਨੂੰ ਗਣੇਸ਼ ਦਾਸ ਬਾਲੀ ਪੁੱਤਰ ਰਤਨ ਦਾਸ (ਰਾਵਲਪਿੰਡੀ) ਅਤੇ ਜੋਗਰਾਜ (ਰਾਵਲਪਿੰਡੀ) ਨੂੰ ਕੀਨਿਆਂ ਵਿਚ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਉਪਰੋਕਤ ਸ਼ਹੀਦਾਂ ਦਾ ਕਸੂਰ ਸਿਰਫ ਇਹ ਸੀ ਕਿ ਉਹ ਅੰਗਰੇਜ਼ ਸਰਕਾਰ ਤੋਂ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਸਨ।ਆਜ਼ਾਦੀ ਦੀ ਮੰਗ ਦੇ ਦੋ ਨੁਕਤੇ ਸਨ, ਪਹਿਲਾ ਨਿਰਾਦਰ ਨਾ ਸਹਿਣ ਤੋਂ ਮੁਨਕਰ ਹੋਣਾ ਅਤੇ ਦੂਜਾ, ਦੇਸ਼ ਵਿੱਚੋਂ ਗੋਰਿਆਂ ਨੂੰ ਕੱਢ ਕੇ ਆਜ਼ਾਦੀ ਦਾ ਆਨੰਦ ਮਾਨਣਾ। ਅੰਗਰੇਜ਼ ਰਾਜ ਤੋਂ ਮੁਕਤੀ ਪਾਉਣ ਲਈ ਯੋਧਿਆਂ ਨੂੰ ਆਜ਼ਾਦੀ ਦਾ ਵੱਡਾ ਮੁੱਲ ਤਾਰਨਾ ਪਿਆ। ਸ਼ਹੀਦਾਂ ਦੀ ਸੋਚ ਅਤੇ ਦ੍ਰਿਸ਼ਟੀ ਨੂੰ ਮੁੱਖ ਰਖਦਿਆਂ ਸਾਰੇ ਭਾਰਤੀਆਂ ਦਾ ਫਰਜ਼ ਬਣ ਜਾਂਦਾ ਹੈ ਕਿ ਇਨ੍ਹਾਂ ਸ਼ਹੀਦਾਂ ਨੂੰ ਯੋਗ ਅਤੇ ਬਣਦੀ ਸ਼ਰਧਾਂਜਲੀ ਪੇਸ਼ ਕਰੀਏ।

## ਸੰਗਰੂਰ ਦੇ ਨੌਜਵਾਨ ਦੀ ਮੌਤ ਦੇ ਮਾਮਲੇ ਨੂੰ ਲੈ ਕੇ ਰਾਸ਼ਟਰੀ ਅਨੁਸੂਚਿਤ ਜਾਤੀ ਕਮੀਸ਼ਨ ਪੁੱਜੇ ਰਾਜੇਸ਼ ਬਾਘਾ

**ਫਗਵਾੜਾ–** ਅਨੁਸੂਚਿਤ ਜਾਤੀ ਕਮੀਸ਼ਨ ਪੰਜਾਬ ਦੇ ਸਾਬਕਾ ਚੇਅਰਮੈਨ ਅਤੇ ਭਾਜਪਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰਾਜੇਸ਼ ਬਾਘਾ ਨੇ ਰਾਸ਼ਟਰੀ ਅਨੁਸੂਚਿਤ ਜਾਤੀ ਕਮੀਸ਼ਨ ਦੇ ਮੈਂਬਰ ਸ੍ਰੀ ਕੇ. ਰਾਮੂਲੂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਹਨਾਂ ਜਿਲਾ ਸੰਗਰੂਰ ਦੇ ਪਿੰਡ ਚੰਗਾਲੀਵਾਲਾ ਵਿਖੇ ਦਲਿਤ ਨੌਜਵਾਨ ਨੂੰ ਤਸੀਹੇ ਦੇ ਕੇ ਬੁਰੀ ਤਰਾਂ ਮਾਰਕੁੱਟ ਕਰਨ ਅਤੇ ਇਲਾਜ ਦੌਰਾਨ ਉਸਦੀ ਹੋਈ ਮੌਤ ਦੇ ਮਾਮਲੇ ਨਾਲ ਜਾਣੂ ਕਰਵਾਇਆ ਅਤੇ ਇਕ ਮੰਗ ਪੱਤਰ ਵੀ ਕਮੀਸ਼ਨ ਦੇ ਚੇਅਰਮੈਨ ਦੇ ਨਾਮ ਦਿੱਤਾ ਜਿਸ ਵਿਚ ਘਟਨਾ ਦੀ ਡੂੰਘਾਈ ਨਾਲ



ਪੜਤਾਲ ਕਰਵਾ ਕੇ ਸਾਰੇ ਦੋਸ਼ੀਆਂ ਨੂੰ ਸਖਤ ਸਜਾਵਾਂ ਦੁਆਉਣ, ਪੀੜਤ ਪਰਿਵਾਰ ਨੂੰ ਯੋਗ ਮੁਆਵਜਾ ਦੁਆਉਣ ਤੋਂ ਇਲਾਵਾ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਨਿਰਦੇਸ਼ ਜਾਰੀ ਕਰਨ ਦੀ ਮੰਗ ਅਪੀਲ ਕੀਤੀ ਤਾਂ ਜੋ ਭਵਿੱਖ ਵਿਚ ਸੂਬੇ ਦੇ ਕਿਸੇ ਦਲਿਤ ਨਾਲ ਅਜਿਹੀ ਗੈਰ ਮਨੁੱਖੀ ਹਰਕਤ ਕਰਨ ਦੀ ਕੋਈ ਹਿੰਮਤ ਨਾ ਕਰੇ।

ਉਹਨਾਂ ਕਿਹਾ ਕਿ ਦੁਖ ਦੀ ਇਸ ਘੜੀ ਵਿਚ ਉਹ ਪੀੜਤ ਪਰਿਵਾਰ ਦੇ ਨਾਲ ਖੜੇ ਹਨ ਅਤੇ ਪਰਿਵਾਰ ਨੂੰ ਨਿਆ ਦੁਵਾ ਕੇ ਹੀ ਸਾਹ ਲੈਣਗੇ। ਇਸ ਮੌਕੇ ਉਹਨਾਂ ਦੇ ਨਾਲ ਭਾਜਪਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਜੀਵਨ ਗੁਪਤਾ ਵੀ ਸਨ।

## ਸਾਥੀ ਕਾਬਲ ਸਿੰਘ ਕਲੋਆ ਨਹੀਂ ਰਹੇ



ਜਨਮ :- ਦਸੰਬਰ 10, 1926
ਸਦੀਵੀ ਵਿਛੋੜਾ :- ਨਵੰਬਰ 13, 2019

ਸਾਥੀ ਕਾਬਲ ਸਿੰਘ ਕਲੋਆ ਜੋ ਪਿੰਡ ਕਲੋਆ ,ਤਹਿਸੀਲ ਟਾਂਡਾ ਉੜਮੁੜ ਤੇ ਜ਼ਿਲਾ ਹੁਸ਼ਿਆਰ ਪੁਰ ਜ਼ਿਲੇ 'ਚ ਜਨਮੇ ।ਉਹ ਇੱਕ ਅਗਾਂਹ ਵਧੂ ਵਿਚਾਰਾਂ ਤੇ ਮੁਜੱਸਮੇ ਸਨ । ਸੁਰਤ ਆਉਣ ਤੋਂ ਲੈ ਕੇ ਆਖ਼ਰੀ ਸਾਹ ਤੱਕ ਸਮਾਜਿਕ ਚਿੰਤਕ ,ਭਾਰਤ ਦੀ ਅੰਗਰੇਜ ਰਾਜ ਵਿਰੁੱਧ ਲੜਾਈ 'ਚ ਮੋਹਰਲੀਆਂ ਕਤਾਰਾਂ ਦੇ ਸਿਪਾਹੀ , ਅਗਾਂਹ ਵਧੂ ਸੋਚ ਦੇ ਜਰਨੈਲ, ਹੁਸ਼ਿਆਰਪੁਰ ਜ਼ਿਲੇ ਦੀ ਇਤਰਾਜ਼ ਕਮੇਟੀ ਦੇ ਮੈਂਬਰ, ਕਿਸਾਨ, ਮਜ਼ਦੂਰਾਂ ਦੇ ਆਗੂ ਅਤੇ ਲੋਕ ਪੱਖੀ ਬੇਬਾਕ ਤੇ ਬੇਦਾਗ਼ ਸਾਥੀ ਸਨ। ਅਸੀਂ ਕਲੋਆ ਪਰਿਵਾਰ ਅਤੇ ਸਮੂਹ ਸਮਾਜਿਕ ਚਿੰਤਕਾਂ ਨਾਲ ਅਫ਼ਸੋਸ ਕਰਦੇ ਹਾਂ ਅਤੇ ਸਾਥੀ ਕਲੋਆ ਦੇ ਸਦੀਵੀ ਵਿਛੋੜੇ ਦਾ ਨਾ ਪੂਰਾ ਹੋਣ ਵਾਲਾ ਘਾਟਾ ਮਹਿਸੂਸਦੇ ਹੋਏ ਵਿੱਛੜੇ ਸਾਥੀ ਕਾਬਲ ਸਿੰਘ ਕਲੋਆ ਨੂੰ ਸ਼ਰਧਾਂਜ਼ਲੀ ਪੇਸ਼ ਕਰਦੇ ਹਾਂ ।

**ਵਲੋਂ:-ਇੰਡੋ-ਅਮੈਰੀਕਨ ਹੈਰੀਟਜ ਫ਼ਊਂਡੇਸ਼ਨ ਨਿਊਯਾਰਕ ।**

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਦੇ ਸੰਬੰਧ ਵਿਚ ਅੰਬੇਡਕਰ ਭਵਨ ਵਿਖੇ ਸੈਮੀਨਾਰ 24 ਨੂੰ

**ਜਲੰਧਰ–** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਦੀ ਪ੍ਰਧਾਨਗੀ ਹੇਠ ਪਿੱਛਲੇ ਦਿਨੀਂ ਅੰਬੇਡਕਰ ਭਵਨ ਜਲੰਧਰ ਵਿਖੇ ਹੋਈ. ਮੀ-ਟਿੰਗ ਵਿਚ ਵਿਚਾਰ-ਗੋਸ਼ਟੀਆਂ ਦੀ ਲੜੀ ਵਿਚ ਅਗਲਾ ਸੈਮੀਨਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਦੇ ਸੰਬੰਧ ਵਿਚ 24 ਨਵੰਬਰ ਨੂੰ ਅੰਬੇਡਕਰ ਭਵਨ ਵਿਖੇ ਆਯੋਜਿਤ ਕਰਨ



ਦਾ ਫੈਸਲਾ ਕੀਤਾ ਗਿਆ ਹੈ. ਸੈਮੀਨਾਰ ਦੇ ਮੁੱਖ ਬੁਲਾਰੇ ਪ੍ਰਿੰਸੀਪਲ ਡਾ. ਸਰਵਨ ਸਿੰਘ ਪ੍ਰਦੇਸੀ ਹੋਣਗੇ. ਸੈਮੀਨਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਸਰੋਕਾਰ ਤੇ ਚਰਚਾ ਹੋਵੇਗੀ. ਇਹ ਜਾਣਕਾਰੀ ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਦਿਤੀ. ਵਰਿੰਦਰ ਕੁਮਾਰ ਨੇ ਅੱਗੇ ਦੱਸਿਆ ਕਿ ਡਾ. ਜੀ. ਸੀ. ਕੌਲ ਦੀ ਪੰਜਾਬੀ ਵਿਚ ਲਿਖੀ ਪੁਸਤਕ 'ਗੁਰੂ ਨਾਨਕ ਦਾ ਮਾਨਵਵਾਦੀ ਸੰਦੇਸ਼' ਵੀ ਸੈਮੀਨਾਰ ਵਿਚ ਲੋਕਅਰਪਨ ਕੀਤੀ ਜਾਵੇਗੀ।
ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਸੋਹਣ ਲਾਲ ਡੀ ਪੀ ਆਈ ਕਾਲਿਜਾਂ (ਸੇਵਾਮੁਕਤ), ਲਾਹੌਰੀ ਰਾਮ ਬਾਲੀ, ਆਰ. ਸੀ. ਸੰਗਰ ਅਤੇ ਨਿਰਮਲ ਬੋਇੰਝੀ ਆਦਿ ਹਾਜਰ ਸਨ।


# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

E-mail : deshdoaba@yahoo.com

www.deshdoaba.com www.ambedkartimes.com



# Law Office of NIRWAN & ASSOCIATES

www.nirwanlaw.com



**Business Incorporation**
Articles of Incorp
Dissolution
501 © Non-Profit

Jagdip S. Nirwan, Esq

916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

# ਗੁਰੂ ਨਾਨਕ ਦੇਵ ਜੀ ਸਮੁੱਚੀ ਮਾਨਵਤਾ ਦੇ ਪ੍ਰਕਾਸ਼ ਪੁੰਜ - ਰਾਜੇਸ਼ ਬਾਘਾ

**ਫਗਵਾੜਾ–** ਨਜਦੀਕੀ ਪਿੰਡ ਪੰਡਵਾ ਸਥਿਤ ਤੱਪ ਅਸਥਾਨ ਨਿਰਮਲ ਕੁਟੀਆ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਸਮਾਗਮ 'ਚ ਨਤਮਸਤਕ ਹੋਣ ਲਈ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਸ੍ਰੀ ਰਾਜੇਸ਼ ਬਾਘਾ ਪੁੱਜੇ।



ਉਹਨਾਂ ਸੰਤਾਂ, ਮਹਾਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸਮੂਹ ਸੰਗਤ ਨੂੰ 550ਵੇਂ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹੋਣ ਦੇ ਨਾਲ ਹੀ ਸਮੁੱਚੀ ਮਾਨਵਤਾ ਲਈ ਪ੍ਰਕਾਸ਼ ਪੁੰਜ ਹਨ ਜਿਹਨਾਂ ਨੇ ਜਗਤ ਨੂੰ ਕਿਰਤ ਕਰੋ, ਵੰਡ ਛਕੋ ਅਤੇ ਇਕ ਜੋਤ ਪਰਮ ਪਿਤਾ ਪਰਮਾਤਮਾ ਦੇ ਨਾਮ ਦਾ ਜਾਪ ਕਰਨ ਦਾ ਉਪਦੇਸ਼ ਦਿੱਤਾ।

ਉਹਨਾਂ ਵਲੋਂ ਕਈ ਸ਼ਤਾਬਦੀਆਂ ਪਹਿਲਾਂ ਦਿੱਤੀਆਂ ਸਿੱਖਿਆਵਾਂ ਅੱਜ ਵੀ ਉਸੇ ਤਰਾਂ ਤਰੋਤਾਜਾ ਅਤੇ ਸਾਰਥਕ ਹਨ ਜਿਹਨਾਂ ਤੋਂ ਸਾਨੂੰ ਸਾਰਿਆਂ ਨੂੰ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਸੰਤ ਗੁਰਚਰਣ ਸਿੰਘ ਅਤੇ ਪ੍ਰਬੰਧਕਾਂ ਵਲੋਂ ਰਾਜੇਸ਼ ਬਾਘਾ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਤ ਤੇਜਾ ਸਿੰਘ, ਗੁਰਜੀਤ ਜੀਤਾ ਪੰਡਵਾ, ਆਸ਼ੂ ਪੁਰੀ, ਜਤਿਨ ਵੋਹਰਾ, ਰਾਜੇਸ਼ ਰੁੱਕੀ, ਸੁਨੀਲ ਮਦਾਨ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

## ਪ੍ਰਕਾਸ਼ ਉਤਸਵ ਅਤੇ ਬਾਲ ਦਿਵਸ ਮਨਾਇਆ



**ਸੰਗਰੂਰ–** ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਬੰਧੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਗੜੀਆਂ ਵਿਖੇ ਪ੍ਰੋਗਰਾਮ ਕਰਵਾਏ ਗਏ। ਸੰਸਥਾ ਦੇ ਪ੍ਰਿੰਸੀਪਲ ਰੀਤਾ ਸ਼ਰਮਾ ਅਤੇ ਸਮੂਹ ਅਧਿਆਪਕਾਂ ਦੀ ਭਾਵਨਾ ਅਨੁਸਾਰ ਬਹੁਤ ਹੀ ਸ਼ਰਧਾ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਵਿਚੋਂ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ, ਜਿਸ ਵਿਚ ਸਕੂਲ ਦੇ ਸਮੁੱਚੇ ਸਟਾਫ ਮੈਂਬਰਾਂ, ਵਿਦਿਆਰਥੀਆਂ ਤੋਂ ਇਲਾਵਾ ਗ੍ਰਾਮ ਪੰਚਾਇਤ ਬਾਗੜੀਆਂ ਦੀ ਸਮੁੱਚੀ ਪੰਚਾਇਤ, ਸਕੂਲ ਮੈਨੇਜਮੈਂਟ ਕਮੇਟੀ ਦੇ ਸਮੂਹ ਅਹੁਦੇਦਾਰ, ਪਿੰਡ ਦੀਆਂ ਮੋਹਤਬਰ ਸ਼ਖਸੀਅਤਾਂ, ਇਲਾਕੇ ਦੇ ਬਹੁਤ ਸਾਰੇ ਸਕੂਲਾਂ ਦੇ ਅਧਿਆਪਕਾਂ ਨੇ ਸ਼ਮੂਲੀਅਤ ਕਰਕੇ ਜਾਪ ਕਰਕੇ ਆਪਣੇ ਆਪ ਨੂੰ ਮੰਤਰ ਮੁਗਧ ਕੀਤਾ। ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਚਰਚਾ ਕੀਤੀ ਗਈ। ਸਮੂਹ ਸੰਗਤਾਂ ਲਈ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਉਪਰੰਤ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਵਸ ਨੂੰ ਸਬੰਧਤ ਬਾਲ ਦਿਵਸ ਮਨਾਇਆ ਗਿਆ। ਜਿਸ ਵਿਚ ਵਿਦਿਆਰਥੀਆਂ ਨੇ ਵੱਖ-ਵੱਖ ਵੰਨਗੀਆਂ ਦੇ ਰੰਗਾਰੰਗ ਪ੍ਰੋਗਰਾਮਾਂ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ। ਇਹਨਾਂ ਪ੍ਰੋਗਰਾਮਾਂ ਦਾ ਸਾਰਿਆਂ ਨੇ ਆਨੰਦ ਮਾਣਿਆ। ਸੰਸਥਾ ਦੇ ਇਸ ਉਪਰਾਲੇ ਦੀ ਪਹੁੰਚੀਆਂ ਸੰਗਤਾਂ ਵੱਲੋਂ ਸ਼ਲਾਘਾ ਕੀਤੀ ਗਈ। ਪ੍ਰਿੰਸੀਪਲ ਰੀਤਾ ਸ਼ਰਮਾ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

## ਕਨੇਡਾ ਤੋਂ ਛਪਦੀ ਪਤ੍ਰਿਕਾ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਪਰਹਾਰ ਦਾ ਦੇਸ਼ ਭਗਤ ਕਮੇਟੀ ਵੱਲੋਂ ਸਨਮਾਨ

ਕਨੇਡਾ ਦੇ ਸ਼ਹਿਰ ਕੈਲਗਰੀ ਤੋਂ ਛਪਦੇ ਪੰਜਾਬੀ ਮਾਂ ਬੋਲੀ ਦੀ ਜਾਣੀ-ਪਹਿਚਾਣੀ ਪਤ੍ਰਿਕਾ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਦਾ, ਅੱਜ ਦੇਸ਼ ਭਗਤ ਯਾਦਗਾਰ ਯਾਦਗਾਰ ਕਮੇਟੀ ਵੱਲੋਂ ਨਿੱਘਾ ਸਵਾਗਤ ਅਤੇ ਦੇਸ਼ ਭਗਤ ਯਾਦਗਾਰ ਹਾਲ ਦਾ ਸਨਮਾਨ ਚਿੰਨ੍ਹ ਅਤੇ ਪੁਸਤਕਾਂ ਦਾ ਸੈੱਟ ਭੇਂਟ ਕਰਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਤੇ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਚਰੰਜੀ ਲਾਲ ਕੰਗਣੀਵਾਲ ਤੋਂ ਇਲਾਵਾ ਭੁਵਨ ਜੋਸ਼ੀ, ਗੁਰਦੀਪ ਸਿੰਘ ਸੰਧਰ, ਰਜਨੀਸ਼ ਬਹਾਦਰ ਅਤੇ ਪਰਮਜੀਤ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਆਪਣੇ ਅਨੁਭਵ ਸਾਂਝੇ ਕਰਦਿਆਂ ਹਰਚਰਨ ਸਿੰਘ ਪਰਹਾਰ ਨੇ ਕਿਹਾ ਕਿ ਕੈਲਗਰੀ ਵਿਚ ਹੁੰਦੀਆਂ ਸਾਹਿਤਕ, ਸਭਿਆਚਾਰਕ ਅਤੇ ਸਮਾਜਕ ਸਰਗਰਮੀਆਂ ਲਈ ਅਸੀਂ ਦੇਸ਼ ਭਗਤ ਯਾਦਗਾਰ ਹਾਲ ਤੋਂ ਨਿਰੰਤਰ ਉਤਸ਼ਾਹ ਤੇ ਊਰਜਾ ਹਾਸਲ ਕਰਦੇ ਹਾਂ। ਸਾਡਾ ਨਿਰੰਤਰ ਯਤਨ ਰਹਿੰਦਾ ਹੈ ਕਿ ਜਿਵੇਂ ਜਿਵੇਂ ਮੇਲਾ ਗ਼ਦਰੀ ਬਾਬਿਆਂ ਦਾ ਇਤਿਹਾਸਕ ਘਟਨਾਵਾਂ ਨੂੰ ਸਮਰਪਤ ਹੁੰਦਾ ਹੈ। ਉਸ ਦੀਆਂ ਹਾਣੀ ਸਰਗਰਮੀਆਂ ਕਰਦੇ ਸਮੇਂ ਕੈਲਗਰੀ ਵਿਚ ਵੀ ਵਿਚਾਰ-ਚਰਚਾ ਅਤੇ ਰੰਗ-ਮੰਚ ਨਾਲ ਜੁੜੀਆਂ ਕਲਾ-ਕਿਰਤਾਂ ਲੋਕਾਂ ਦੇ ਰੂ-ਬ-ਰੂ ਕਰਦੇ ਰਹਿੰਦੇ ਹਾਂ।



ਉਨ੍ਹਾਂ ਨੇ ਸਿੱਖ ਵਿਰਸਾ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਹੋਰਨਾਂ ਸੰਸਥਾਵਾਂ ਨਾਲ ਮਿਲ ਕੇ ਕੀਤੇ ਜਾਂਦੇ ਉੱਦਮਾਂ ਬਾਰੇ ਵੀ ਚਾਨਣਾ ਪਾਇਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਨੇ ਉਨ੍ਹਾਂ ਨੂੰ ਲਾਇਬ੍ਰੇਰੀ, ਮਿਊਜ਼ਿਅਮ, ਰੰਗ ਮੰਚ ਨਾਲ ਜੁੜੀਆਂ ਸਰਗਰਮੀਆਂ ਅਤੇ ਸਾਹਿਤ ਪ੍ਰਕਾਸ਼ਨਾ ਆਦਿ ਬਾਰੇ ਜਾਣਕਾਰੀ ਦਿੰਦਿਆਂ ਦੇਸ਼ ਭਗਤ ਯਾਦਗਾਰ ਹਾਲ ਅਤੇ ਕੈਲਗਰੀ ਦੀਆਂ ਸਰਗਰਮੀਆਂ ਦੀ ਪ੍ਰਸਪਰ ਸਰਗਰਮੀਆਂ ਨੂੰ ਭਵਿੱਖ 'ਚ ਬੜਾਵਾ ਦੇਣ ਦੀ ਅਪੀਲ ਕੀਤੀ।

ਹਰਚਰਨ ਪਰਹਾਰ ਨੇ ਦੇਸ਼ ਭਗਤ ਯਾਦਗਾਰ ਹਾਲ ਅਤੇ ਕਨੇਡਾ 'ਚ ਹੁੰਦੀਆਂ ਅਗਾਂਹਵਧੂ ਸਰਗਰਮੀਆਂ ਦਰਮਿਆਨ ਸਿੱਖ ਵਿਰਸੇ ਵੱਲੋਂ ਭਵਿੱਖ 'ਚ ਨਿਭਾਈ ਜਾਣ ਵਾਲੀ ਭੂਮਿਕਾ ਬਾਰੇ ਭਰੋਸਾ ਦਿੱਤਾ।

## ਸੰਗਰੂਰ ਵਿੱਚ ਹੋਏ ਜਗਮੇਲ ਸਿੰਘ ਹੱਤਿਆਕਾਂਡ ਤੇ ਬਹੁਜਨ ਸਮਾਜ ਪਾਰਟੀ ਦਾ ਸਖ਼ਤ ਰੁਖ਼

ਪਿਛਲੇ ਦਿਨੀਂ ਸੰਗਰੂਰ ਦੇ ਇੱਕ ਪਿੰਡ ਵਿੱਚ ਜਾਤ ਦੇ ਹੰਕਾਰੀ ਲੋਕਾਂ ਵਲੋਂ ਤਸੀਹੇ ਦੇ ਦੇ ਕੇ ਮਾਰੇ ਨੌਜਵਾਨ ਜਗਮੇਲ ਸਿੰਘ ਦੀ ਖਬਰ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਨੂੰ ਉਦੋਂ ਮਿ਼ਲੀ ਜਦੋਂ ਉਹ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਦੀ ਮੀਟਿੰਗ ਵਿੱਚ ਸ਼ਾਮਿਲ ਹੋਣ ਲਈ ਲਖਨਊ ਗਏ ਹੋਏ ਸਨ। ਮੀਟਿੰਗ ਤੋਂ ਤੁਰੰਤ ਫਾਰਿਗ ਹੋ ਕੇ ਪ੍ਰਧਾਨ ਜੀ ਲਖਨਊ ਤੋਂ ਸਿੱਧਾ ਚੰਡੀਗੜ੍ਹ ਪੀਜੀਆਈ ਪਹੁੰਚੇ, ਜਿੱਥੇ ਆਪਣੇ ਜਵਾਨ ਭਰਾ ਦੀ ਲਾਸ਼ ਲਈ ਇੱਕ ਭੈਣ ਤੇ ਪਤੀ ਦੀ ਮੌਤ ਦਾ ਦੁੱਖ ਝੱਲ ਰਹੀ ਇੱਕ ਪਤਨੀ ਸਰਕਾਰ ਵਲੋਂ ਕੋਈ ਸਹਾਇਤਾ ਨਾ ਮਿਲਣ ਕਾਰਨ,ਤੜਪ ਰਹੇ ਸੀ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਨੇ ਮੌਕੇ ਤੇ ਪਹੁੰਚ ਕੇ ਪੀੜਤ ਪਰਿਵਾਰ ਦੇ ਦੁੱਖ ਸ਼ਰੀਕ ਹੋ ਕੇ ਉਨ੍ਹਾਂ ਨੂੰ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ, ਜਿਸ ਲਈ ਸਭ ਤੋਂ ਪਹਿਲਾਂ ਤਾ ਹਾਈਕੋਰਟ ਦੇ 5 ਵਕੀਲਾਂ ਦਾ ਇੱਕ ਪੈਨਲ ਤਿਆਰ ਕੀਤਾ ਗਿਆ ਜੋ ਪੀੜਤ ਪਰਿਵਾਰ ਦਾ ਕੇਸ ਬਿਨਾਂ ਕਿਸੇ ਖਰਚੇ ਤੋਂ ਲੜੇਗਾ। ਨਾਲ ਹੀ ਇਸ ਹੱਤਿਆਕਾਂਡ ਵਿੱਚ ਸ਼ਾਮਿਲ ਦੋ ਔਰਤਾਂ ਦੀ ਗ੍ਰਿਫਤਾਰੀ ਦੀ ਮੰਗ ਵੀ ਸੂਬਾ ਪ੍ਰਧਾਨ ਨੇ ਸਰਕਾਰ ਤੋਂ ਕੀਤੀ। ਪੀੜਤ ਪਰਿਵਾਰ ਨੂੰ ਇੱਕ ਕਰੋੜ ਰੁਪਏ ਅਤੇ ਇੱਕ ਸਰਕਾਰੀ ਨੌਕਰੀ ਪਰਿਵਾਰ ਨੂੰ ਦੇਣ ਲਈ ਸਰਕਾਰ ਅੱਗੇ ਬਹੁਜਨ ਸਮਾਜ ਪਾਰਟੀ ਵਲੋਂ ਮੰਗ ਰੱਖੀ। ਮ੍ਰਿਤਕ ਜਗਮੇਲ ਸਿੰਘ ਦੀ ਭੈਣ ਦੇ ਸਿਰ ਤੇ ਹੱਥ ਰੱਖ ਕੇ ਦੋਸ਼ੀਆਂ ਨੂੰ ਸਖਤ ਸਜ਼ਾ ਦਿਵਾਉਣ ਲਈ ਹਰ ਮੱਦਦ ਦਾ ਭਰੋਸਾ ਦਿੱਤਾ।ਜ਼ਿਕਰਯੋਗ ਹੈ ਕਿ ਬਹੁਜਨ ਸਮਾਜ ਪਾਰਟੀ ਹੀ ਪਹਿਲੀ ਰਾਜਨੀਤਿਕ ਪਾਰਟੀ ਹੈ ਜੋ ਪੀੜਤ ਪਰਿਵਾਰ ਨਾ਼ਲ ਖੜ੍ਹੀ ਹੋਈ। ਬਸਪਾ ਦੇ ਹਮਲਾਵਰ ਰੁੱਖ ਅਪਨਾਉਣ ਤੋਂ ਬਾਅਦ ਸੂਬੇ ਦੀ ਕਾਂਗਰਸ ਸਰਕਾਰ ਅਤੇ ਹੋਰ ਵਿਰੋਧੀ ਧਿਰਾਂ ਵੀ ਮਗਰਮੱਛ ਦੇ ਹੰਝੂ ਵਹਾਉਣ ਪੀੜਤ ਪਰਿਵਾਰ ਕੋ਼ਲ ਜਾ ਰਹੀਆਂ ਹਨ।



ਪਰ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਦੇ ਜਜ਼ਬੇ ਨੂੰ ਸਲਾਮ ਜਿਨ੍ਹਾਂ ਨੇ ਪੀੜਤ ਪਰਿਵਾਰ ਨੂੰ ਇਨਸਾਫ਼ ਦਵਾਉਣ ਲਈ,ਲਖਨਊ ਤੋਂ ਆਕੇ ਚੰਡੀਗੜ੍ਹ ਵਿੱਚ ਹੀ ਡੇਰਾ ਲਾ ਲਿਆ ਹੈ। ਮਿਤੀ 18K11K19 ਦਿਨ ਸੋਮਵਾਰ ਨੂੰ ਬਹੁਜਨ ਸਮਾਜ ਪਾਰਟੀ ਦਾ ਇੱਕ ਵਫਦ ਸੂਬਾ ਪ੍ਰਧਾਨ ਦੀ ਅਗਵਾਈ ਵਿੱਚ ਡੀਜੀਪੀ ਨੂੰ ਮਿਲੇਗਾ,ਅਤੇ ਮਾਮਲੇ ਦੀ ਸਹੀ ਜਾਣਕਾਰੀ ਉਨ੍ਹਾਂ ਦੇ ਧਿਆਨ ਵਿੱਚ ਲਿਆਵੇਗਾ। ਜਦਕਿ ਇਸ ਤੋਂ ਪਹਿਲਾਂ ਸੂਬਾ ਪ੍ਰਧਾਨ ਨੇ ਸਾਰੀ ਜਾਣਕਾਰੀ ਪੰਜਾਬ ਦੇ ਰਾਜਪਾਲ ਸ੍ਰੀ ਬਦਨੌਰ ਜੀ ਦੇ ਵੀ ਧਿਆਨ ਚ ਲਿਆਂਦੀ ਹੈ ਜੋ ਇਸ ਸਮੇਂ ਪੰਜਾਬ ਤੋਂ ਬਾਹਰ ਹਨ।

ਜਾਤ ਦੇ ਹੰਕਾਰੀ ਲੋਕਾਂ ਨੂੰ ਸਜ਼ਾ ਦਵਾਉਣ ਲਈ ਬਹੁਜਨ ਸਮਾਜ ਪਾਰਟੀ ਪੰਜਾਬ, ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਦੀ ਅਗਵਾਈ ਵਿੱਚ ਬਹੁਤ ਸ਼ਲਾਘਾਯੋਗ ਕੰਮ ਕਰ ਰਹੀ ਹੈ ਜਿਸ ਨਾ਼ਲ ਪੀੜਤ ਪਰਿਵਾਰ ਨੂੰ ਜਲਦੀ ਅਤੇ ਸਹੀ ਨਿਆਂ ਮਿਲਣ ਦੀ ਉਮੀਦ ਬੱਝੀ ਹੈ।







# ਚੰਗਾਲੀਵਾਲਾ ਕਾਂਡ: ਦਲਿਤ ਨੌਜਵਾਨ ਜਗਮੇਲ ਸਿੰਘ ਦੀ ਮੌਤ

**ਚੰਡੀਗੜ੍ਹ–** ਜ਼ਿਲ੍ਹਾ ਸੰਗਰੂਰ ਦੇ ਲਹਿਰਾਗਾਗਾ ਦੇ ਪਿੰਡ ਚੰਗਾਲੀਵਾਲਾ ਦੇ ਵਸਨੀਕ ਜਗਮੇਲ ਸਿੰਘ ਦੀ ਪੀਜੀਆਈ ’ਚ ਮੌਤ ਹੋਣ ਮਗਰੋਂ ਟਰੌਮਾ ਸੈਂਟਰ ਦੇ ਬਾਹਰ ਉਸ ਸਮੇਂ ਖ਼ੂਬ ਹੰਗਾਮਾ ਹੋ ਗਿਆ ਜਦੋਂ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਲਾਸ਼ ਦਾ ਪੋਸਟਮਾਰਟਮ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਪੀਜੀਆਈ ’ਚ ਪੋਸਟਮਾਰਟਮ ਕਰਵਾਉਣ ਲਈ ਪਹੁੰਚੀ ਲਹਿਰਾਗਾਗਾ ਪੁਲੀਸ ਨੂੰ ਕਾਫ਼ੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ।

ਮੌਕੇ ’ਤੇ ਪੁੱਜੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਮੁਕੇਸ਼ ਮਲੌਦ, ਕਰਮ ਸੇਖਾਂ ਤੇ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਜਥੇਬੰਦੀ ਐੱਸਐੱਫਐੱਸ ਦੇ ਆਗੂਆਂ ਨੇ ਪਰਿਵਾਰ ਨਾਲ ਹਮਦਰਦੀ ਜਤਾਉਂਦਿਆਂ ਮੰਗ ਰੱਖੀ ਕਿ ਪੁਲੀਸ ਵੱਲੋਂ ਇਸ ਕੇਸ ਵਿੱਚ ਲਗਾਈ ਹੋਈ ਧਾਰਾ 307 ਦੀ ਥਾਂ ਧਾਰਾ 302 ਲਗਾਈ ਜਾਵੇ ਅਤੇ ਇਸ ਕੇਸ ਦੇ ਬਾਕੀ ਦੋਵਾਂ ਮੁਲਜ਼ਮਾਂ ਨੂੰ ਵੀ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਇਸ ਦੇ ਨਾਲ ਹੀ ਮੰਗ ਰੱਖੀ ਗਈ ਕਿ ਮ੍ਰਿਤਕ ਦੀ ਪਤਨੀ ਮਨਜੀਤ ਕੌਰ ਨੂੰ ਪੰਜਾਬ ਸਰਕਾਰ ਵੱਲੋਂ ਸਰਕਾਰੀ ਨੌਕਰੀ ਦਿੱਤੀ ਜਾਵੇ ਤੇ 50 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਕਰਮ ਸੇਖਾਂ ਨੇ ਦੱਸਿਆ ਕਿ ਲਹਿਰਾਗਾਗਾ ਪੁਲੀਸ ਨੇ ਧਾਰਾ 302 ਲਗਾ ਦਿੱਤੀ ਹੈ ਅਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਹੈ। ਹੁਣ ਪਰਿਵਾਰ ਦੀਆਂ ਦੋ ਮੰਗਾਂ ਬਾਕੀ ਹਨ ਜਿਨ੍ਹਾਂ ਵਿੱਚ ਮ੍ਰਿਤਕ ਦੀ ਪਤਨੀ ਨੂੰ ਸਰਕਾਰੀ ਨੌਕਰੀ ਦਿਵਾਉਣਾ ਤੇ ਪਰਿਵਾਰ ਨੂੰ 50 ਲੱਖ ਰੁਪਏ ਮੁਆਵਜ਼ਾ ਦਿਵਾਉਣਾ ਸ਼ਾਮਿਲ ਹੈ।

ਮ੍ਰਿਤਕ ਦੀ ਪਤਨੀ ਮਨਜੀਤ ਕੌਰ ਤੇ ਭਰਾ ਤੇਜਵੀਰ ਸਿੰਘ ਨੇ ਕਿਹਾ ਕਿ ਉਹ ਉਦੋਂ ਤੱਕ ਲਾਸ਼ ਦਾ ਪੋਸਟ ਮਾਰਟਮ ਨਹੀਂ ਕਰਵਾਉਣ ਦੇਣਗੇ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਨਹੀਂ ਜਾਂਦੀਆਂ। ਸਵੇਰੇ ਲਗਭਗ ਸਾਢੇ 9 ਵਜੇ ਤੋਂ ਬੈਠੇ ਹੋਏ ਪਰਿਵਾਰਕ ਮੈਂਬਰਾਂ ਨੇ ਸ਼ਾਮ ਸਾਢੇ 5 ਵਜੇ ਤੱਕ ਪੋਸਟਮਾਰਟਮ ਨਹੀਂ ਹੋਣ ਦਿੱਤਾ ਜਿਸ ਕਾਰਨ ਲਹਿਰਾਗਾਗਾ ਪੁਲੀਸ ਨੂੰ ਪੋਸਟਮਾਰਟਮ ਕਰਵਾਏ ਬਗੈਰ ਹੀ ਵਾਪਿਸ ਆਉਣਾ ਪਿਆ। ਲਾਸ਼ ਫਿਲਹਾਲ ਪੀਜੀਆਈ ਦੇ ਮੁਰਦਾਘਰ ਵਿੱਚ ਰਖਵਾ ਦਿੱਤੀ ਗਈ ਹੈ।

### ਐਕਸ਼ਨ ਕਮੇਟੀ ਕਾਇਮ

ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਦੇ ਜੱਦੀ ਪਿੰਡ ਚੰਗਾਲੀਵਾਲਾ ਦੇ ਦਲਿਤ ਨੌਜਵਾਨ ਜਗਮੇਲ ਸਿੰਘ ਦੀ ਪੀਜੀਆਈ ’ਚ ਮੌਤ ਹੋਣ ਮਗਰੋਂ ਇਹ ਮਸਲਾ ਗੰਭੀਰ ਰੂਪ ਧਾਰਨ ਕਰ ਗਿਆ ਹੈ। ਬੀਤੇ ਦਿਨ ਇਸ ਨੌਜਵਾਨ ਦੀਆਂ ਦੋਵੇਂ ਲੱਤਾਂ ਇਨਫੈਕਸ਼ਨ ਕਾਰਨ ਕੱਟ ਦਿੱਤੀਆਂ ਗਈਆਂ ਸਨ। ਉੱਧਰ ਜਗਮੇਲ ਸਿੰਘ ਦੇ ਪਿੰਡ ਚੰਗਾਲੀਵਾਲਾ ’ਚ ਵੱਖ ਵੱਖ ਜਥੇਬੰਦੀਆਂ ਦੇ ਆਗੂ ਤੇ ਵਰਕਰ ਪਹੁੰਚ ਰਹੇ ਹਨ ਤੇ ਉਨ੍ਹਾਂ ਜਗਮੇਲ ਸਿੰਘ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ 15 ਮੈਂਬਰੀ ਸੰਘਰਸ਼ ਕਮੇਟੀ ਦਾ ਗਠਨ ਕੀਤਾ ਹੈ।

ਐਕਸ਼ਨ ਕਮੇਟੀ ’ਚ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾਈ ਆਗੂ ਗੋਬਿੰਦ ਸਿੰਘ ਛਾਜਲੀ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਹਰਭਗਵਾਨ ਸਿੰਘ ਮੂਨਕ, ਨੌਜਵਾਨ ਭਾਰਤ ਸਭਾ ਦੇ ਅਸ਼ਵਨੀ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬਿੱਕਰ ਸਿੰਘ ਹਥੋਆ, ਪੀਐੱਸਯੂ ਸ਼ਹੀਦ ਰੰਧਾਵਾ ਦੇ ਹੁਸ਼ਿਆਰ ਸਿੰਘ, ਪੀਐੱਸਯੂ ਲਲਕਾਰ ਦੇ ਜਸਵਿੰਦਰ ਸਿੰਘ ਆਦਿ ਸ਼ਾਮਲ ਹਨ। ਇਸ ਦੌਰਾਨ ਐਕਸ਼ਨ ਕਮੇਟੀ ਨੇ ਐੱਸ ਡੀ ਐੱਮ ਦਫਤਰ ਅੱਗੇ ਧਰਨਾ ਦਿੱਤਾ ਜੋ ਖ਼ਬਰ ਲਿਖੇ ਜਾਣ ਤੱਕ ਜਾਰੀ ਸੀ। ਸੰਘਰਸ਼ ਕਮੇਟੀ ਨੇ ਐੱਸਡੀਐੱਮ ਦੀ ਗੈਰਮੌਜੂਦਗੀ ’ਚ ਨਾਇਬ ਤਹਿਸੀਲਦਾਰ ਹਮੀਰ ਸਿੰਘ ਨੂੰ ਮੰਗ ਪੱਤਰ ਦੇ ਕੇ ਮੁਲਜ਼ਮਾਂ ਖ਼ਿਲਾਫ਼ ਧਾਰਾ 302 ਤੇ 120 ਬੀ ਵਾਧੇ ਦੀ ਨਕਲ ਦੇਣ, ਪੀੜਤ ਪਰਿਵਾਰ ਨੂੰ 25 ਲੱਖ ਮੁਆਵਜ਼ਾ, ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ, ਦੋਸ਼ੀਆਂ ਦੇ ਹਥਿਆਰਾਂ ਦੇ ਲਾਇਸੈਂਸ ਰੱਦ ਕਰਨ ਦੀ ਮੰਗ ਕੀਤੀ। ਅਨੁਸੂਚਿਤ ਜਾਤੀ ਕਮਿਸ਼ਨ ਦੀ ਮੈਂਬਰ ਪੂਨਮ ਕਾਂਗੜਾ ਨੇ ਪਿੰਡ ਚੰਗਾਲੀਵਾਲਾ ਪਹੁੰਚ ਕੇ ਭਰੋਸਾ ਦਿੱਤਾ ਕਿ ਕਮਿਸ਼ਨ ਪੂਰੀ ਤਰ੍ਹਾਂ ਪੀੜਤ ਪਰਿਵਾਰ ਨਾਲ ਖੜ੍ਹਾ ਹੈ। ਉਨ੍ਹਾਂ ਮੁਲਜ਼ਮਾਂ ਤੇ ਅਣਗਹਿਲੀ ਕਰਨ ਵਾਲੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਹਦਾਇਤ ਕਰਨ ਬਾਰੇ ਕਿਹਾ।

ਐੱਸਪੀ (ਡੀ) ਗੁਰਦੀਪ ਸਿੰਘ ਨੇ ਪਿੰਡ ਚੰਗਾਲੀਵਾਲਾ ’ਚ ਦੱਸਿਆ ਕਿ ਲਹਿਰਾਗਾਗਾ ਪੁਲੀਸ ਨੇ 13 ਨਵੰਬਰ ਨੂੰ ਚਾਰ ਮੁਲਜ਼ਮਾਂ ਰਿੰਕੂ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ ਬਿੰਦਰ ਅਤੇ ਯਾਦਵਿੰਦਰ ਸਿੰਘ ਵਾਸੀ ਚੰਗਾਲੀਵਾਲਾ ਖ਼ਿਲਾਫ਼ ਧਾਰਾ 365, 342, 308, 323, 34 ਆਈਪੀਸੀ ਅਤੇ ਐੱਸਸੀ ਐਕਟ 1989 ਅਧੀਨ ਕੇਸ ਦਰਜ ਕੀਤਾ ਸੀ ਪਰ ਹੁਣ ਧਾਰਾ 302, 120 ਬੀ ਅਧੀਨ ਵਾਧਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਰਿੰਕੂ ਸਿੰਘ, ਅਮਰ–ਜੀਤ ਸਿੰਘ ਅਤੇ ਯਾਦਵਿੰਦਰ ਸਿੰਘ ਨੂੰ 14 ਨਵੰਬਰ ਨੂੰ ਗ੍ਰਿਫ਼ਤਾਰ ਕਰਕੇ 18 ਨਵੰਬਰ ਤੱਕ ਪੁਲੀਸ ਰਿਮਾਂਡ ਲਿਆ ਸੀ ਤੇ ਅੱਜ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸ ਦਾ ਵੀ ਪੁਲੀਸ ਰਿਮਾਂਡ ਹਾਸਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਪੁਲੀਸ ਮੁਲਜ਼ਮਾਂ ਦੇ ਹਥਿਆਰ ਜ਼ਬਤ ਕਰਨ ਅਤੇ ਹਥਿਆਰਾਂ ਦੇ ਲਾਇਸੈਂਸ ਰੱਦ ਕਰਨ ਲਈ ਕਾਰਵਾਈ ਕਰ ਰਹੀ ਹੈ।






ਜਿਲ੍ਹਾ ਸੰਗਰੂਰ ਦੇ ਹਲਕਾ ਲਹਿਰਾ ਦੇ ਪਿੰਡ ਚੰਗਾਲੀ ਵਾਲਾ ਦਾ ਦਲਿੱਤ ਜਗਮੇਲ ਸਿੰਘKਜੱਗਾ ਪੁੱਤਰ ਸ਼੍ਰੀ ਪ੍ਰੀਤਮ ਸਿੰਘ ਜੋ ਕਿ 7-11-19 ਨੂੰ ਪਿੰਡ ਦੇ ਧਨੀ ਤੇ ਜਾਤੀਵਾਦ ਵਾਲੀ ਗੰਦੀ ਮਾਨਸਿਕਤਾ ਵਾਲੇ ਚਾਰ ਗੁੰਡੇ ਤੇ ਹੰਕਾਰੀ ਜੱਟਾਂ ਨੇ, ਦਲਿਤ ਜੱਗੇ ਨੂੰ ਥਮਲੇ ਨਾਲ ਨੂੜ ਕੇ ਲੋਹੇ ਦੀਆਂ ਰਾਡਾਂ ਨਾਲ ਕੁੱਟਿਆ, ਉਸਦੇ ਪੱਟਾਂ ਦਾ ਮਾਸ ਜਮੂਰ ਨਾਲ ਖਿੱਚਿਆ ਤੇ ਬਾਅਦ ਵਿਚ ਜਖਮਾਂ ਤੇ ਪੈਟਰੋਲ ਛਿੜਕ ਦਿੱਤਾ ਤੇ ਜਦੋਂ ਉਸ ਗਰੀਬੜੇ ਨੇ ਪਾਣੀ ਮੰਗਿਆ ਤਾਂ ਉਸਨੂੰ ਮੂਤ ਪੀਣ ਲਈ ਮਜਬੂਰ ਕੀਤਾ, ਦੇ ਸਬੰਧ ਵਿਚ ਬਸਪਾ ਦਾ ਵਫ਼ਦ ਡਾਕਟਰ ਮੱਖਣ ਸਿੰਘ ਬਸਪਾ ਸਿਪਾਹੀ ਦੀ ਅਗਵਾਈ ਵਿੱਚ SSP ਸੰਗਰੂਰ ਨੂੰ ਮਿਲਿਆ। ਚੇਤੇ ਰਹੇ ਕਿ ਇਹ ਵਿਅਕਤੀ ਗਰੀਬੀ ਤੇ ਅਨਪੜ੍ਹਤਾ ਦੇ ਕਰਨ 3/4 ਦਿਨ ਤਾਂ ਡਾਕਟਰੀ ਸਹਾਇਤਾ ਹੀ ਨਹੀਂ ਲੇ ਸਕਿਆ ਤੇ 10-11-19 ਨੂੰ ਲਹਿਰੇ ਹਸਪਤਾਲ ਦਾਖਿਲ ਹੋਇਆ ਤੇ ਲਹਿਰੇ ਵਾਲੇ ਡਾਕਟਰਾਂ ਨੇ ਪਰਚਾ ਕੱਟ ਕੇ, ਸੰਗਰੂਰ ਸਿਵਲ ਹਸਪਤਾਲ਼ ਵਿਚ ਰੈਫਰ ਕਰ ਦਿੱਤਾ ਤੇ ਜਿੱਥੇ ਉਸਦੀ ਕੋਈ ਖਾਸ ਦੇਖ ਭਾਲ ਨਹੀਂ ਹੋਈ। ਮਿਤੀ 11-11-19 ਨੂੰ ਜਦੋਂ ਇਕ ਪਾਰਟੀ ਵਰਕਰ ਰਾਹੀਂ ਮੈਨੂੰ ਪਤਾ ਲੱਗਾ ਤਾਂ ਮੈਂ ਤੁਰੰਤ ਹਸਪਤਾਲ਼ ਪੁੱਜਾ ਤੇ ਮਰੀਜ ਦੀ ਹਾਲਤ ਦੇਖ ਕੇ ਇਕ ਵਾਰ ਤਾਂ ਮੇਰੀ ਵੀ ਧਾਹ ਨਿਕਲ ਗਈ।

ਤੁਰੰਤ ਹਸਪਤਾਲ਼ ਦੇ ਡਾਕਟਰਾਂ ਨਾਲ ਸੰਪਰਕ ਕੀਤਾ ਤੇ ਉਸੇ ਦਿਨ ਸ਼ਾਮ ਨੂੰ 6 ਵਜੇ ਮਰੀਜ ਨੂੰ ਪਟਿਆਲੇ ਭੇਜਿਆ ਗਿਆ ਤੇ ਪਟਿਆਲੇ ਵਾਲਿਆਂ ਨੇ ਮਰੀਜ ਨੂੰ ਚੰਡੀਗੜ੍ਹ ਪੀਜੀਆਈ ਰੈਫਰ ਕਰ ਦਿੱਤਾ।

11-11-19 ਨੂੰ SHO ਲਹਿਰਾ ਨਾਲ ਰਾਬਤਾ ਕਾਇਮ ਕੀਤਾ ਤਾਂ ਉਹ ਵੀ ਮਜਬੂਰ ਦਿੱਸਿਆ, ਸਾਇਦ ਲੈਣ ਦੇਣ ਹੋ ਗਿਆ ਹੋਵੇ। ਪੁਲਿਸ ਤੇ ਬਹੁਤ ਜਿਆਦਾ ਦਬਾ ਬਣਾਉਣ ਦੇ ਬਾਵਜੂਦ ਵੀ ਕਿਤੇ ਜਾ ਕੇ 13-11-19 ਨੂੰ FIR ਦਰਜ ਹੋਈ ਪਰ 14-11-19 ਦੀ ਸ਼ਾਮ ਤੱਕ ਕਿਸੇ ਵੀ ਦੋਸ਼ੀ ਦੀ ਕੋਈ ਗਿਰਫ਼ਤਾਰੀ ਨਹੀਂ ਹੋਈ।

ਅੱਜ ਬਹੁਜਨ ਸਮਾਜ ਪਾਰਟੀ ਲੋਕ ਸਭਾ ਸੰਗਰੂਰ ਦਾ ਵਫ਼ਦ ਡਾਕਟਰ ਮੱਖਣ ਸਿੰਘ, ਚਮਕੌਰ ਸਿੰਘ ਵੀਰ, ਦਰਸ਼ਨ ਸਿੰਘ ਝਲੂਰ, ਸਰਬਜੀਤ ਸਿੰਘ ਖੇੜੀ, ਮੋਤੀ ਲਾਲ ਛਾਛਿਆ, ਪਵਿੱਤਰ ਸਿੰਘ, ਦਰਸ਼ਨ ਸਿੰਘ ਬਾਜਵਾ, ਕੁਲਵੰਤ ਸਿੰਘ ਟਿੱਬਾ, ਸੁਰਿੰਦਰ ਸੰਘਰੋਲੀ, ਜਗਰੂਪ ਸਿੰਘ ਪੱਖੋ, ਸੋਮਾ ਸਿੰਘ ਗੰਡੇਵਾਲ, ਰਣਧੀਰ ਸਿੰਘ ਨਾਗਰਾ, ਸਰਬਜੀਤ ਸਿੰਘ ਤਪਾ, ਤੇ ਹੋਰ ਵੱਡੀ ਗਿਣਤੀ ਵਿਚ ਸਾਥੀ SP H) ਸੰਗਰੂਰ ਨੂੰ ਮਿਲੇ ਤੇ ਇਨਸਾਫ ਦੀ ਮੰਗ ਕੀਤੀ।

ਕੁੱਲ 4 ਦੋਸ਼ੀਆਂ ਵਿਚੋਂ 3 ਦੀ ਗਿਰਫ਼ਤਾਰੀ ਹੋ ਚੁੱਕੀ ਹੈ। ਜੱਗਾ ਸਿੰਘ ਦੀ ਭੈਣ ਤੇਜ ਕੌਰ ਨੂੰ ਬਸਪਾ ਸਾਥੀਆਂ ਨੇ 25000 ਰੁਪਏ ਦੀ ਆਰਥਿਕ ਮਦਦ ਕੀਤੀ। ਇਹ 25000 ਰੁਪਏ NRI ਸਾਥੀ ਅਮਰ ਦਰੋਚ ਜੀ ਅਮਰੀਕਾ ਵਾਲੇ ਨੇ ਭੇਜੇ ਸਨ।

ਇਹ ਪੋਸਟ ਲਿਖਦੇ ਲਿਖਦੇ ਚੰਡੀਗੜ੍ਹ ਪੀਜੀਆਈ ਤੋਂ ਫੋਨ ਆਇਆ ਕਿ ਜੱਗੇ ਦੀਆਂ ਦੋਨੋ ਲੱਤਾਂ ਕੱਟੀਆਂ ਜਾ ਚੁੱਕੀਆਂ ਹਨ ਤੇ ਸਾਥੀ ਆਈਸੀਯੂ ਵਿਚ ਦਾਖਿਲ ਹੈ ਤੇ ਉਸਦੀ ਹਾਲਤ ਅਤੀ ਗੰਭੀਰ ਬਣੀ ਹੋਈ ਹੈ। ਜੱਗਾ ਸਿੰਘ ਦੇ ਬਚਣ ਦੇ ਉਮੀਦ ਬਹੁਤ ਘੱਟ ਹੈ ਤੇ ਅਗਰ ਉਹ ਬਚ ਵੀ ਗਿਆ ਤਾਂ ਸਾਰੀ ਉਮਰ ਨਰਕ ਹੀ ਭੋਗੇਗਾ।

ਦਲਿਤੋਂ, ਖਾਸ ਕਰਕੇ ਚੁਮਾਰੋ ਤੇ ਮਜ੍ਹਬੀਓ ਹੁਣ ਤੁਸੀ ਸੋਚਣਾ ਹੈ ਕਿ ਤੁਸੀ ਇਸ ਤਰ੍ਹਾਂ ਰੀਂਗ ਰੀਂਗ ਕੇ ਮਰਨਾ ਜਾ ਅਣਖ ਇਜੱਤ ਤੇ ਮਾਣ ਸਨਮਾਨ ਦੀ ਜਿੰਦਗੀ ਜਿਉਣੀ ।

## ਇਨਸਾਨੀਅਤ ਹੋਈ ਸ਼ਰਮਸਾਰ




ਜ਼ਿਲਾ ਸੰਗਰੂਰ ਦੇ ਪਿੰਡ ਜੰਗਲੀਵਾਲਾ ਵਿੱਚ ਗਰੀਬ ਦਲਿਤ ਨੌਜਵਾਨ ਨੂੰ ਪਿੰਡ ਦੇ ਉਚ ਜਾਤੀ ਲੋਕਾਂ ਨੇ ਥਮਲੇ ਨਾਲ ਬੰਨ ਕੇ ਬੁਰੀ ਤਰਾਂ ਕੁਟਿਆ , ਲੱਤਾ ਨੂੰ ਪਲਾਸ ਨਾਲ ਨੋਚ ਕੇ ਉਪਰ ਤੇਜ਼ਾਬ ਪਾਇਆ ਗਿਆ। ਪਾਣੀ ਮੰਗਣ ਤੇ ਪਿਸ਼ਾਬ ਪਿਲਾਇਆ ਗਿਆ। ਦੋਨੋ ਲੱਤਾਂ ਕੱਟਣ ਦੇ ਬਾਵਜੂਦ ਜਗਮੇਲ ਸਿੰਘ PGI ਵਿੱਚ ਜ਼ਿੰਦਗੀ ਦੀ ਜੰਗ ਹਾਰ ਗਿਆ।

## ਜ਼ੁਲਮ ਜਾਰੀ ਹੈ...

ਸੰਗਰੂਰ ਜਿਲਾ ਦੇ ਹਲਕਾ ਲਹਿਰਾ ਚ ਪਿਛਲੇ ਦਿਨੀ ਪਿੰਡ ਚੰਗਾਲੀਵਾਲਾ ਚ ਹੰਕਾਰੇ ਜਾਤੀਵਾਦੀ ਜੱਟਾਂ ਨੇ ਪਿੰਡ ਦੇ ਜਗਮੇਲ ਸਿੰਘ ਜੱਗਾ ਨਾਮੀ ਲੜਕੇ (ਚਮਾਰ) ਨੂੰ ਕਿਸੇ ਮਾਮੂਲੀ ਤਕਰਾਰ ਤਹਿਤ ਘਰੇ ਬੁਲਾ ਕੇ ਥਮਲੇ ਨਾਲ ਬੰਨ ਕੇ ਪਹਿਲਾਂ ਤਾਂ ਉਸਦਾ ਜਮੂਰ ਨਾਲ ਮਾਸ ਨੋਚਿਆ ਫਿਰ ਉਹਨਾਂ ਜਖਮਾਂ ਤੇ ਤੇਜਾਬ ਪਾਇਆ ਤੇ ਪਾਣੀ ਮੰਗਣ ਤੇ ਪਿਸ਼ਾਬ ਪਿਲਾਇਆ ਇਸ ਕੰਮ ਕਰਨ ਲਈ ਪਿਉ ਦੇ ਨਾਲ ਇਕ ਧੀ ਤੇ ਦੋ ਪੁਤਰਾਂ ਨੇ ਸਾਥ ਦਿੱਤਾ, 7 ਤਾਰੀਕ ਦੀ ਘਟਨਾ ਹੈ। ਇਹ ਪਰ ਉਸ ਵਿਚਾਰੇ ਜਗੇ ਦੀ ਕਿਸੇ ਨੇ ਨਾ ਸੁਣੀ ਪਰ ਜਿਵੇ ਬਸਪਾ ਕੋਲ ਇਹ ਗਲ ਬਾਰਾਂ ਤਾਰੀਕ ਨੂੰ ਪਹੁੰਚੀ ਤਾਂ ਦੋਸੀਆਂ ਤੇ ਪਰਚਾ ਦਰਜ ਹੋਇਆ ਉਸਦੇ ਸਹੀ ਇਲਾਜ ਲਈ ਪਹਿਲਾਂ ਸੰਗਰੂਰ ਤੇ ਫਿਟ ਪਟਿਆਲੇ ਤੇ ਹੁਚ ਪੀਜੀਆਈ ਭੇਜਿਆ ਸੀ ਬਸਪਾ ਦੇ ਐਨ ਆਈ ਆਰ ਗਰੁਪ ਨੇ ਅਮਰ ਦਰੋਚ ਜੀ ਆਰਥਿਕ ਭੇਜੀ ਤਾਂ ਕਲ ਉਸਦੀਆਂ ਲੱਤਾਂ ਕਟ ਤੀਆਂ ਸੀ ਉਸ ਨੂੰ ਬਚਾਉਣ ਲਈ ਪਰ ਅਜ ਸੁਬਾ ਚਾਰ ਵਜੇ ਉਸ ਦੀ ਮੌਤ ਹੋ ਗਈ

### ਜ਼ੁਲਮ ਜਾਰੀ ਹੈ...

ਸੰਗਰੂਰ ਜਿਲ੍ਹੇ ਦੇ ਪਿੰਡ ਚੰਗਾਲੀਵਾਲੇ ਵਿਖੇ ਗ਼ਰੀਬ ਦਲਿਤ ਨੌਜਵਾਨ ਜਗਮੇਲ ਸਿੰਘ ਜੱਗਾ ਨੂੰ ਪਿੰਡ ਦੇ ਹੀ ਜਾਤ ਦੇ ਹੰਕਾਰੀ ਚੌਧਰੀਆਂ ਨੇ ਆਪਣੀ ਚੌਧਰ ਦਾ ਸ਼ਿਕਾਰ ਬਣਾਇਆ ਤੇ ਉਸ ਦੀਆ ਲੱਤਾਂ ਦਾ ਪਲਾਸ ਨਾਲ ਮਾਸ ਖਿੱਚਿਆ ਗਿਆ ਤੇ ਤੇਜ਼ਾਬ ਪਾਇਆ ਗਿਆ ਉਸ ਤੋਂ ਬਾਅਦ ਜੱਗਾ ਸਿੰਘ ਨੂੰ ਪਿਸ਼ਾਬ ਪਿਲਾਇਆ, ਪੀਜੀਆਈ ਚੰਡੀਗੜ੍ਹ ਵਿੱਚ ਦੋਵੇਂ ਲੱਤਾਂ ਕਟਾਉਣ ਤੋਂ ਬਾਅਦ ਇਸ ਜੁਲਮ ਦੀ ਪੀੜ ਨਾ ਸਹਾਰਦੇ ਹੋਏ ਜੱਗਾ ਸਿੰਘ ਆਖਿਰ ਏਸ ਦੁਨੀਆ ਨੂੰ ਅਲਵਿਦਾ ਕਹਿ ਗਿਆ।

ਪਿਆਰੇ ਜਗਮੇਲ ਮੇਰੇ ਕੋਲ ਹਥਿਆਰ ਨਹੀਂ ਪਰ ਕਲਮ ਹੈ, ਉਹ ਵੀ ਪਰੇ ਵਰਗੀ ਜਿਸ ਦੀ ਨਿੱਬ ਕਿੰਨੀ ਤਿੱਖੀ ਹੈ ਦੱਸਣ ਦੀ ਲੋੜ ਨਹੀਂ ਕਿਉਂ ਕਿ ਜਰਮਨੀ ਲੇਖਕ ’ਗੁੰਟਰ ਗ੍ਰਾਸ’ ਦੀ ਕਲਮ ਨੇ ਹੰਕਾਰ ਦਾ ਕਿਲਾ ਇਸ ਤਰਾਂ ਢਾਹਿਆ ਕਿ ਮੁੜ ਕੇ ਨਾ ਉਸਰਿਆ ਮਹਾਨ ਲੇਖਕ ’ਗੈਬੀਰੀਅਲ ਗਾਰਸ਼ੀਆ ਮਰਖੇਜ’ ਉਸ ਕਲਮ ਦੇ ਹੱਕ ਵਿੱਚ ਕਿੰਝ ਨਿੱਤਰਿਆ ਇਹ ਕਲਮਾ ਹੀ ਦੱਸ ਸਕਦੀਆਂ ਹਨ ਮੈ ਤੇਰੀ ਇਸ ਵੱਡਮੁਲੀ ਸ਼ਹਾਦਤ ਤੇ ਕਦੇ ਵੀ ਰੋਟੀਆਂ ਨਹੀਂ ਸੇਕ ਸਕਦਾ ਕਿਉਂ ਕਿ ਮੈ ਰਾਜਨੀਤੀ ਵਿੱਚ ਵਿਸ਼ਵਾਸ ਨਹੀਂ ਕਰਦਾ ਮੈਂ ਤੇਰੇ ਬੁੱਤ ਨਹੀਂ ਲਗਾ ਪਰ ਬੁੱਤਾ ਵਿੱਚ ਜਾਨ ਭਰ ਸਕਦਾ ਹਾਂ ਅਤੇ ਜ਼ਿੰਦਗੀ ਨਾਲ ਘੋਲ ਕਰ ਸਕਦਾ ਹਾਂ ਪਰ ਡਰ ਨਹੀਂ ਸਕਦਾ ਜਦੋਂ ਤੱਕ ਨਬਜ਼ ਚਲਦੀ ਹੈ ਲਿਖਦਾ ਰਹਾਂ।

### ਗਜਲ

ਰਾਜਨੀਤੀ ਛਲ ਕਪਟ ਦੁਸ਼ਵਾਰੀਆਂ ਦਾ ਕੀ ਕਰਾਂ।
ਮਾੜਿਆਂ ਤੇ ਕੀਤੀਆਂ ਸਰਦਾਰੀਆਂ ਦਾ ਕੀ ਕਰਾਂ।

ਨਾ ਮਿਲੇ ਇਨਸਾਫ ਜਿੱਥੇ ਸੱਚ ਨੂੰ ਉਸ ਦੇਸ਼ ਦੇ,
ਹਾਕਮਾ ਦਰਬਾਰੀਆਂ ਅਧਿਕਾਰੀਆਂ ਦਾ ਕੀ ਕਰਾਂ।

ਛੇਕਿਆ ਮੈਨੂੰ ਕਕਾਰਾਂ ਵਾਲਿਆਂ ਕਹਿ ਕੇ ਪਤਿਤ,
ਬੋਦੀਆਂ, ਕੁੱਲੇ , ਤੇ ਨਿਕੱਰ ਧਾਰੀਆਂ ਦਾ ਕੀ ਕਰਾਂ।

**– ਅਜੇ ਤਨਵੀਰ**

## ਜਿਲਾ ਸੰਗਰੂਰ ਵਿਖੇ ਦਲਿਤ ਨੌਜਵਾਨ ਦੀ ਕੁੱਟਮਾਰ ਅਤੇ ਪਿਸ਼ਾਬ ਪਿਲਾਉਣ ਦੀ ਘਟਨਾ ਦੀ ਘੋਰ ਨਿੰਦਾ

**ਜਲੰਧਰ–** ਬੀਤੇ ਦਿਨੀਂ ਅੰਬੇਡਕਰਾਇਟ ਲੀਗਲ ਫੋਰਮ ਦੀ ਮਾਸਿਕ ਮੀਟਿੰਗ ਐਡਵੋਕੇਟ ਸ਼੍ਰੀ ਪ੍ਰਿਤਪਾਲ ਸਿੰਘ ਜੀ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਹੋਈ, ਜਿਸ ਵਿੱਚ ਮੌਕੇ ਪਰ ਜਲੰਧਰ ਦੇ ਮੋਹਤਬਰ ਵਕੀਲ ਸਾਹੀਬਾਨ ਹਾਜਿਰ ਸਨ। ਮੀਟਿੰਗ ਵਿੱਚ ਪਿਛਲੇ ਦਿਨੀ ਪਿੰਡ ਚੰਗਾਲੀਵਾਲਾ, ਜਿਲਾ ਸੰਗਰੂਰ ਦੇ ਜਗਮੇਲ ਸਿੰਘ ਨਾਮ ਦੇ ਇੱਕ ਦਲਿਤ ਨੌਜਵਾਨ ਦੀ ਕੁੱਟਮਾਰ ਕਰਨ ਅਤੇ ਅਣਮਣੁੱਖੀ ਤਸੀਹੇ ਦੇਣ ਦੀ ਮੰਦਭਾਗੀ ਘਟਨਾ ਦੀ ਘੋਰ ਨਿੰਦਾ ਕੀਤੀ ਹੈ । ਦਲਿਤ ਨੌਜਵਾਨ ਨਾਲ ਕੁੱਟ ਮਾਰ ਕਾਰਨ, ਉਸ ਦੀਆਂ ਦੋਹੇ ਲੱਤਾਂ ਕੱਟਣੀਆਂ ਪੈ ਗਈਆਂ । ਜਿੱਥੇ ਇੱਹ ਘਟਨਾ ਵਾਪਰੀ ਦੂਜੇ ਪਾਸੇ ਬਾਬਾ ਰਾਮਦੇਵ ਵੱਲੋਂ ਐਸ.ਸੀ./ਐਸ.ਟੀ. ਜੱਥੇਬੰਦਿਆਂ ਨੂੰ ਅੱਤਵਾਦੀ ਦੱਸਿਆ ਗਿਆ, ਜਿਸ ਨਾਲ ਐਸ.ਸੀ./ਐਸ.ਟੀ. ਸਮਾਜ ਵਿੱਚ ਬਹੁਤ ਰੋਸ਼ ਪਾਇਆ ਜਾ ਰਿਹਾ ਹੈ। ਇਸ ਮੰਦਭਾਗੀ ਘਰਨਾ ਦੀ ਅੰਬੇਡਕਰਾਇਟ ਲੀਗਲ ਫੋਰਮ ਘੋਰ ਨਿੰਦਾ ਕਰਦੀ ਹੈ ਅਤੇ ਪ੍ਰਸ਼ਾਸਨ ਨੂੰ ਇਹ ਅਪੀਲ ਕਰਦੀ ਹੈ ਕਿ ਇਸ ਤਰ੍ਹਾਂ ਦੀ ਮਾੜੀ ਮਾਨਸਿਕਤਾ ਰੱਖਣ ਵਾਲੇ ਵਿਅਕਤਿਆਂ ਖਿਲਾਫ ਦੇਸ਼ ਦੀ ਅਮਨ ਸ਼ਾਂਤੀ ਲਈ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ



ਮੋਕੇ ਤੇ ਜਲੰਧਰ ਦੇ ਹੇਠ ਲਿਖੇ ਵਕੀਲ ਸਾਹਿਬਾਨ ਹਾਜਿਰ ਸਨ: ਐਡਵੋਕੇਟ ਪ੍ਰਿਤ ਪਾਲ ਸਿੰਘ (ਪ੍ਰਧਾਨ), ਐਡਵੋਕੇਟ ਮਧੂ ਰਚਨਾ, ਐਡਵੋਕੇਟ ਰਾਜੂ ਅੰਬੇਡਕਰ (ਸਕੱਤਰ), ਐਡਵੋਕੇਟ ਹਰਪ੍ਰੀਤ ਕੋਰ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਹਨਭਜਨ ਸਾਂਪਲਾ, ਐਡਵੋਕੇਟ ਰਜਿੰਦਰ ਆਜਾਦ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਸਤਨਾਮ ਸੁਮਨ, ਐਡਵੋਕੇਟ ਹਰਪ੍ਰੀਤ ਬਧੱਨ, ਐਡਵੋਕੇਟ ਬੂਟਾ ਸਿੰਘ ਪਾਸਲਾ, ਐਡਵੋਕੇਟ ਜਗਜੀਵਨ ਰਾਮ।

# ਬਸਪਾ ਪੰਜਾਬ ਦਾ ਪੰਜ ਮੈਂਬਰੀ ਵਫਦ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਜੀ ਦੀ ਅਗਵਾਈ ਵਿੱਚ ਵੱਖ ਵੱਖ ਮੁੱਦਿਆਂ ਤੇ ਕਰੇਗਾ ਪੰਜਾਬ ਦੇ ਚੀਫ ਸੈਕਟਰੀ ਨਾਲ ਮੁਲਾਕਾਤ

ਮੁੱਦੇ:-- 1) ਚੰਗਾਲੀਵਾਲਾ ਜਿਲਾ ਸੰਗਰੂਰ ਵਿਖੇ ਦਲਿਤ ਨੌ-ਜਵਾਨ ਜਗਮੇਲ ਸਿੰਘ ਉਰਫ ਜੱਗੇ ਨਾਲ ਹੋਏ ਅਣਮਨੁੱਖੀ ਤਸ਼ੱਦਦ, (ਅਮਾਨਵੀ ਵਿਵਹਾਰ ਕਰ ਕੇ ਮੌਤ ਦੇ ਘਾਟ ਉਤਾਰਨਾ) ਦੇ ਮਸਲੇ ਤੇ ਨੋਟਿਸ, ਸਥਾਨਿਕ ਮੈਡੀਕਲ ਅਫ਼ਸਰ ਨੂੰ ਸਸਪੈਂਡ ਕੀਤਾ ਜਾਵੇ। ਪੀੜਿਤ ਪਰਿਵਾਰ ਨੂੰ ਨੌਕਰੀ ਪੈਨਸਨ ਅਤੇ ਹੋਰ ਨੋਟਾਿਚਿਅਟੋਨਿ ਭੋਗ ਮੌਕੇ ਪੂਰੇ ਰੂਪ ਵਿਚ ਦਿੱਤੇ ਜਾਣ।

2):-- ਜਲੰਧਰ ਕਾਲਜ ਦਾ ਮੁੱਦਾ

3):-- ਪੋਸਟ ਮੈਟਰਿਕ ਸਕਾਲਰਸ਼ਿਪ ਦਾ ਮੁੱਦਾ, ਅਤੇ ਹੋਰ ਸਰਟੀਫਿਕੇਟ ਦਾ ਮੁੱਦਾ, ਕਾਲਜਾਂ ਨੂੰ ਬਕਾਏ ਸਕਾਲਰਸ਼ਿਪ ਤੁਰੰਤ ਜਾਰੀ ਕੀਤੇ ਜਾਣ।

4):-- ਪੰਜਾਬ ਦੇੌਂ ਭਛ ਭਾਈਚਾਰੇ ਲਈ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਦਾ ਮੁੱਦਾ।

5. ਜਿਲ੍ਹਾ ਸਿਕਾਇਤ ਨਿਵਾਰਨ ਕਮੇਟੀਆਂ ਅਤੇ ਜਿਲ੍ਹਾ ਉੱਚ ਪੱਧਰੀ ਵਿਜੀਲੈਂਸ ਅਤੇ ਨਿਗਰਾਨ ਕਮੇਟੀਆਂ ਦਾ ਗਠਨ ਕੀਤਾ ਜਾਵੇ ।

6. ਸਮਾਜ ਵਿਚ ਜਾਗਰੂਕਤਾ ਹਿਤ ਭਾਈਚਾਰੇ ਹਿਤ ਅਤੇ ਜਾਤੀ ਜਹਿਰ ਘਟਾਉਣ ਲਈ ਹਰੇਕ ਵਰਗ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਗਿਣਤੀ ਦਾ ਪ੍ਰਤੀਸ਼ਤ ਕੁਲ ਰੂਪ ਵਿਚ ਅਤੇ ਵਿਭਾਗੀ ਰੂਪ ਵਿਚ ਅਲੱਗ ਅਲਗ ਦਸਿਆ ਜਾਵੇ ਤਾਂਜੋ ਜਨਰਲ ਅਤੇ ਰਾਖਵੇਂ ਵਰਗਾਂ ਦਾ ਆਪਸੀ ਤਾਲਮੇਲ ਵਧੀਆ ਬਿਠਾਇਆ ਜਾ ਸਕੇ।



7. ਪੰਜਾਬ ਵਿੱਚੋਂ ਹੋ ਰਹੇ ਪੜੇ ਲਿਖੇ ਬ੍ਰੇਨ ਡਰੈਨ ਮਸਲੇ ਉਪਰ ਪੰਜਾਬੀਆ ਨੂੰ ਵਿੱਤੀ ਸਿੱਖਿਆ ਅਤੇ ਹੁਨਰਮੰਦ ਹੋਣ ਦੀ ਸਿੱਖਿਆ ਲਾਜਮੀ ਕੀਤੀ ਜਾਵੇ।

8. ਕਿਸਾਨਾਂ ਅਤੇ ਮਜਦੂਰਾਂ ਦੀਆ ਆਤਮ ਹਤਿਆਵਾਂ ਦੇ ਮਸਲੇ ਉਪਰ ਅਗਾਊਂ ਰੋਕਥਾਮ ਦੇ ਕਮਜ਼ੋਰ ਪ੍ਰਬੰਧਾਂ ਨੂੰ ਸੁਧਾਰਨ ਲਈ ਕੰਮ ਕੀਤਾ ਜਾਵੇ।

9. ਪੰਜਾਬ ਨੂੰ ਫੂਡ ਪ੍ਰੋਸੈਸਿੰਗ ਦੀ ਹੱਬ ਬਣਾਕੇ ਪੂਰੇ ਭਾਰਤ ਦੀ ਪ੍ਰੋਸੈਸਡ ਖਾਧ ਪਦਾਰਥਾਂ ਮੰਡੀ ਉਪਰ ਕਬਜਾਂ ਕਰਨ ਵਾਲੀ ਨੀਤੀ ਬਣਾਈ ਜਾਵੇ ਤਾਂਜੋ ਸੂਬੇ ਦੀ ਆਰਥਿਕਤਾ ਨੂੰ ਸੁਧਾਰਿਆ ਜਾ ਸਕੇ।

10. ਪਵਨ ਪਾਣੀ ਪ੍ਰਿਥਵੀ ਦੇ ਸੁਧਾਰ ਹਿਤ ਸਮਾਜ ਵਿਚ ਸੇਵਾ ਭਾਵਨਾ ਪੈਦਾ ਕਰਨ ਲਈ ਲੋਕ ਨੁਮਾਇੰਦੇ ਅਤੇ ਪਸ਼ਾਸਨਿਕ ਖੇਤਰ ਦਾਤੀਆ ਰੰਬੀਆ ਕਹੀਆ ਤੇ ਟੋਕਰੇ ਲਈ ਖੁਦ ਪਹਿਲ ਕਰਕੇ ਮੈਦਾਨ ਵਿਚ ਉਤਰਨ ਤਾਂਜੋ ਸਮਾਜ ਦੇ ਬਾਕੀ ਲੋਕਾਂ ਵਿਚ ਸੇਵਾ ਭਾਵਨਾ ਪੈਦਾ ਹੋ ਸਕੇ।

ਬਾਕੀ ਵੇਰਵਾ ਸੁਝਾਉ ਪੱਤਰ/ਮੈਮੋਰੰਡਮ ਵਿੱਚ ਦਿੱਤਾ ਗਿਆ ਹੈ।

ਜੈ ਭੀਮ ਜੈ ਭਾਰਤ. ਬਸਪਾ ਜ਼ਿੰਦਾਬਾਦ

ਨੋਟ:- ਯਾਦ ਰਹੇ ਕਿ ਕਲ ਵੀ ਪੰਜਾਬ ਸੂਬਾ ਪ੍ਰਧਾਨ ਦੀ ਅਗਵਾਈ ਵਿੱਚ ਬਸਪਾ ਵਫਦ ਦੀ ਪੰਜਾਬ ਦੇ ਧਘਫ ਸ਼੍ਰੀ ਦਿਨਕਰ ਗੁਪਤਾ ਜੀ ਨਾਲ ਇਹਨਾ ਮਸਲਿਆਂ ਤੇ ਗੱਲਬਾਤ ਕੀਤੀ ਗਈ ਅਤੇ ਅੱਜ ਚੀਫ ਸੈਕਟਰੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਨਾਲ ਸੂਬਾ ਜਨਰਲ ਸਕੱਤਰ ਡਾਕਟਰ ਨਛੱਤਰਪਾਲ ਜੀ, ਸੂਬਾ ਸਕੱਤਰ ਸ ਰਜਿੰਦਰ ਸਿੰਘ ਨਨ੍ਹੇਰੀਆ, ਐਡਵੋਕੇਟ ਰਾਜੇਸ਼ ਕੁਮਾਰ, ਐਡਵੋਕੇਟ ਨਵਰਾਜ ਜੀ ਹਾਜ਼ਰ ਸਨ।

# ਮਾਮਲਾ ਜਗਮੇਲ ਸਿੰਘ ਦੀ ਮੌਤ ਦਾ- ਐਸ.ਸੀ. ਕਮਿਸ਼ਨ ਦੇ ਉਦਮ ਸਦਕਾ ਮਿਲਿਆ ਇਨਸਾਫ

**ਸੰਗਰੂਰ-** ਬੀਤੇ ਦਿਨੀਂ ਪਿੰਡ ਚੰਗਾਲੀਵਾਲਾ ਵਿਖੇ ਦਲਿਤ ਨੌਜਵਾਨ ਦੀ ਤਸ਼ੱਦਦ ਤੋਂ ਬਾਅਦ ਹੋਈ ਮੌਤ ਦਾ ਮਾਮਲਾ ਆਖਿਰਕਾਰ ਪੰਜਾਬ ਦੇ ਨੁਮਾਇੰਦਿਆਂ ਵੱਲੋਂ ਪਰਿਵਾਰ ਨੂੰ ਭਰੋਸੇ ਵਿਚ ਲੈ ਕੇ ਸੁਲਝਾ ਦਿੱਤਾ ਗਿਆ, ਜਿਸਦੇ ਚਲਦਿਆਂ ਚੰਡੀਗੜ੍ਹ ਵਿਚ ਕੈਬਨਿਟ ਮੰਤਰੀ ਸ. ਚਰਨਜੀਤ ਸਿੰਘ ਚੰਨੀ, ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਅਤੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੇ ਸਿਆਸੀ ਸਲਾਹਕਾਰ ਕੈਪਟਨ ਸੰਦੀਪ ਸੰਧੂ ਨਾਲ ਪਰਿਵਾਰਕ ਮੈਂਬਰਾਂ ਅਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਬਣਾਈ ਸੰਘਰਸ਼ ਕਮੇਟੀ ਦੀ ਹੋਈ ਮੀਟਿੰਗ ਵਿਚ ਸਰਕਾਰ ਨੇ ਪ੍ਰਦਰਸ਼ਨਕਾਰੀਆਂ ਦੀ ਮੰਗ ਨੂੰ ਪ੍ਰਵਾਨ ਕਰ ਲਿਆ, ਜਿਸ ਵਿਚ 20 ਲੱਖ ਰੁਪਏ ਮੁਆਵਜਾ, 6 ਲੱਖ ਪੋਸਟ ਮਾਰਟਮ ਹੋਣ ਅਤੇ ਬਾਕੀ 14 ਲੱਖ ਰੁਪਏ ਭੋਗ ਵਾਲੇ ਦਿਨ ਮ੍ਰਿਤਕ ਦੀ ਪਤਨੀ ਨੂੰ ਸਰਕਾਰੀ ਨੌਕਰੀ, 1 ਲੱਖ 25 ਹਜ਼ਾਰ ਮਕਾਨ ਦੀ ਮੁਰੰਮਤ ਲਈ, 6 ਮਹੀਨਾ ਦਾ ਰਾਸ਼ਨ, ਸਸਕਾਰ ਦਾ ਸਾਰਾ ਖਰਚ, ਮ੍ਰਿਤਕ ਦੇ ਸਾਰੇ ਬੱਚਿਆਂ ਦੀ ਮੁਫਤ ਪੜ੍ਹਾਈ ਅਤੇ ਦੋਸ਼ੀਆਂ ਦਾ 7 ਦਿਨਾਂ ਵਿਚ ਚਲਾਨ ਪੇਸ਼ ਕਰਨ ਦਾ ਵਾਅਦਾ ਕੀਤਾ ਗਿਆ।




ਸੰਗਰੂਰ ਜ਼ਿਲ੍ਹੇ ਦੇ ਮ੍ਰਿਤਕ ਜਗਮੇਲ ਦਾ ਪਰਿਵਾਰ, ਪੀ. ਜੀ. ਆਈ ਵਿਖੇ ਮ੍ਰਿਤਕ ਦੀ ਪਤਨ. ਅਤੇ ਭੈਣ ਨਾਲ ਮੁਲਾਕਾਤ। ਦੋਸ਼ੀਆਂ ਵਿਚ ਰਿੰਕੂ ਦੀ ਮਾਂ ਅਤੇ ਪਤਨੀ ਦੀ ਗ੍ਰਿਫਤਾਰੀ ਦੀ ਮੰਗ, ਮ੍ਰਿਤਕ ਪਰਿਵਾਰ ਲਈ ਇਕ ਕਰੋੜ ਅਤੇ ਨੌਕਰੀ ਦੀ ਮੰਗ। ਬਸਪਾ ਪੰਜਾਬ ਤੇ ਪੰਜਾਬੀਅਤ ਲਈ ਹਰ ਸੰਭਵ ਕੋਸ਼ਿਸ਼ ਕਰੇਗੀ।

# ਫਰੀਮਾਂਟ ਗੁਰੂ ਘਰ ਦੀ ਆਉਣ ਵਾਲੀ ਚੋਣ ਸਬੰਧੀ ਮੀਟਿੰਗ ਹੋਈ

**ਫਰੀਮਾਂਟ-** ਬੀਤੀ 18 ਨਵੰਬਰ 2019 ਨੂੰ ਫਰੀਮਾਂਟ ਸਿਟੀ ਵਿਖੇ ਗੁਰੂ ਘਰ ਦੀ ਆਵੁਣ ਵਾਲੀ ਇਲੈਕਸ਼ਨ ਸਬੰਧੀ ਮੀਟਿੰਗ ਹੋਈ, ਜਿਸ ਵਿਚ ਬੇ-ਏਰੀਆ ਸਿੱਖ ਅਲਾਇੰਸ ਦੇ ਮੈਂਬਰ, ਗੁਰੂ ਘਰ ਦੇ ਸੇਵਾਦਾਰ ਅਤੇ ਬੇ-ਏਰੀਆ ਦੇ ਟਰੱਕ ਡਰਾਈਵਰ ਵੀਰ ਇਕੱਠੇ ਹੋਏ ਅਤੇ ਇਸ ਮੌਕੇ ਮਾਰਚ 2020 ਵਿਚ ਸਰਬ ਸੰਮਤੀ ਨਾਲ ਸੇਵਾਦਾਰ ਨੂੰ ਖੜ੍ਹੇ ਕਰਨ ਲਈ ਪ੍ਰਵਾਨਗੀ ਮਿਲੀ ਅਤੇ ਬੇ-ਏਰੀਆ ਸਿੱਖ ਅਲਾਇੰਸ ਨੂੰ ਤੀਜੀ ਧਿਰ ਵਜੋਂ 2 ਪੰਚਾਇਤ ਦੇ ਵਿਰੁੱਧ ਆਪਣੀ ਪਾਰਟੀ ਦੇ ਵੁਮੀਦਵਾਰ ਖੜ੍ਹੇ ਕਰਨ ਸਬੰਧੀ ਫੈਸਲਾ ਲਿਆ, ਜਿਸ ਵਿਚ ਸਾਰੇ ਵੀਰਾਂ ਨੇ ਹਾਂ-ਪੱਖੀ ਹੁੰਗਾਰਾ ਦਿੱਤਾ। ਬੇ-ਏਰੀਆ ਸਿੱਖ ਅਲਾਇੰਸ ਸਬੰਧੀ ਹੋਰ ਜਾਣਕਾਰੀ ਲਈ ਜਸਵੀਰ ਸਿੰਘ ਤੱਖਰ ਨਾਲ 510-755-2132 ਜਾਂ ਜਸਵੰਤ ਸਿੰਘ ਬਾਸੀ ਨਾਲ 510-714-4968 ਤੇ ਸੰਪਰਕ ਕੀਤਾ ਜਾ ਸਕਦਾ ਹੈ।









# ਪੰਜਾਬ ਵਿਚ ਨਕਲੀ ਐਸ.ਸੀ. ਸਰਟੀਫਿਕੇਟ



ਐਸ.ਆਰ.ਲੱਧੜ, ਆਈ.ਏ.ਐਸ.(ਰਿਟਾ)

ਭਾਰਤ ਵਿਚ ਸਦੀਆਂ ਤੋਂ ਪ੍ਰਚਲਤ ਵਰਣ-ਵਿਵਸਥਾ ਅਤੇ ਜਾਤੀ ਅਧਾਰਤ ਭੇਦ-ਭਾਵ ਨੂੰ ਖਤਮ ਕਰਨ ਲਈ ਬਾਬਾ ਸਾਹਿਬ ਅੰਬੇਡਕਰ ਨੇ ਸੰਵਿਧਾਨ ਵਿੱਚ ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਦੀ ਤਰੱਕੀ ਲਈ ਕੁਝ ਰਾਖਵਾਂਕਰਨ ਦੇ ਪ੍ਰਾਵਧਾਨ ਕੀਤੇ। ਇਹ ਪ੍ਰਾਵਧਾਨ ਕਾਂਗਰਸ ਅਤੇ ਗਾਂਧੀ ਨਾਲ ਲੰਬੇ ਸੰਘਰਸ਼ ਤੋਂ ਬਾਅਦ ਉਨ੍ਹਾਂ ਪ੍ਰਾਪਤ ਕੀਤੇ। ਪੂਨਾ ਪੈਕਟ ਨੂੰ ਆਪਾਂ ਸਾਰੇ ਜਾਣਦੇ ਹਾਂ। ਕਿਵੇਂ ਲੰਡਨ ਵਿਚ ਹੋਈਆ ਗੋਲਮੇਜ਼ ਕਾਨਫਰਸਾਂ ਤੋਂ ਪ੍ਰਾਪਤ ਡਾ. ਅੰਬੇਡਕਰ ਨੇ ਦਲਿਤਾਂ ਲਈ ਦੋਹਰੀ ਵੋਟ ਅਤੇ ਵੱਖਰੇ ਚੋਣ ਖੇਤਰ ਪ੍ਰਾਪਤ ਕੀਤੇ ਸਨ। ਮੋਹਨ ਦਾਸ ਕਰਮ ਚੰਦ ਗਾਂਧੀ ਨੇ ਅਛੂਤਾਂ ਨੂੰ ਮਿਲੇ ਇਨ੍ਹਾਂ ਅਧਿਕਾਰਾਂ ਦੇ ਵਿਰੁੱਧ ਮਰਨ ਵਰਤ ਰੱਖ ਦਿੱਤਾ। ਸਲਾਹ-ਮਸ਼ਵਰੇ ਤੋਂ ਬਾਅਦ ਪੂਨਾ ਪੈਕਟ ਹੋਇਆ ਅਤੇ ਗਾਂਧੀ ਨੇ ਦਲਿਤਾਂ ਨੂੰ ਰਾਖਵਾਂਕਰਨ ਅਤੇ ਹੋਰ ਜਿਆਦਾ ਚੋਣ ਖੇਤਰ ਦੇਣੇ ਮੰਨ ਲਏ। ਦਲਿਤਾਂ ਨੇ ਰਾਖਵਾਂਕਰਨ ਲੈਣ ਬਦਲੇ ਬੜੀ ਵੱਡੀ ਕੀਮਤ ਅਦਾ ਕੀਤੀ। ਅੱਜ ਜਦੋਂ ਨੌਕਰੀਆਂ ਰਾਹੀਂ ਦਲਿਤ ਵਰਗ ਕੁਝ ਉੱਠਣ ਲੱਗਾ ਹੈ ਅਤੇ ਪੜ੍ਹਾਈ-ਲਿਖਾਈ ਦੀ ਬਦੌਲਤ ਦਲਿਤਾਂ ਵਿੱਚ ਕੁਝ ਜਾਗ੍ਰਤੀ ਆਈ ਹੈ ਤਾਂ ਮਨੂੰਵਾਦੀ ਸੋਚ ਦੇ ਮਾਲਕ ਦਲਿਤਾਂ ਨੂੰ ਨੌਕਰੀਆਂ ਵਿੱਚੋਂ ਬਾਹਰ ਕਰਨ ਅਤੇ ਮੁੜ ਮਨੂੰ ਸਮਿਰਤੀ ਲਾਗੂ ਕਰਨ ਦੇ ਹੱਥ ਕੰਡੇ ਅਪਣਾਉਂਦੇ ਨਜ਼ਰ ਆਉਂਦੇ ਹਨ। ਬੜੀ ਡੂੰਘੀ ਸਾਜਸ਼ ਦੇ ਤਹਿਤ ਉੱਚ ਜਾਤੀਆਂ ਦੇ ਲੋਕ ਰਾਖਵਾਂਕਰਨ ਦਾ ਲਾਭ ਲੈ ਕੇ ਸਦੀਆਂ ਤੋਂ ਲਤਾੜੇ ਅਨੁਸੂਚਿਤ ਜਾਤੀ ਲੋਕਾਂ ਦਾ ਹੱਕ ਖੋਹ ਕੇ ਨੌਕਰੀਆਂ ਅਤੇ ਹੋਰ ਲਾਭ ਪ੍ਰਾਪਤ ਕਰ ਰਹੇ ਹਨ। ਇਸ ਤਰਾਂ ਦਾ ਇੱਕ ਮਾਮਲਾ ਪੈਗਾਮ ਦੇ ਨੋਟਿਸ ਵਿੱਚ ਆਇਆ ਤਾਂ ਪੈਗਾਮ ਨੇ ਆਪਣੀ ਜਿੰਮੇਵਾਰੀ ਸਮਝਦਿਆਂ ਇਸ ਮਸਲੇ ਦੀ ਪੜਤਾਲ ਕਰਨ ਦਾ ਫੈਸਲਾ ਕੀਤਾ।

ਪਿੰਡ ਆਲਮਪੁਰ, ਤਹਿਸੀਲ ਤੇ ਜਿਲ੍ਹਾ ਪਟਿਆਲਾ ਦੇ ਇੱਕ ਵਿਅਕਤੀ ਬਲਬੀਰ ਸਿੰਘ ਨੇ ਪੈਗਾਮ ਦਫਤਰ ਆ ਕੇ ਆਪਣੀ ਕਹਾਣੀ ਬਿਆਨ ਕੀਤੀ ਕਿ ਕਿਵੇਂ ਇੱਕ ਉੱਚ ਜਾਤੀ ਰਾਜਪੂਤ ਨੇ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਾ ਕੇ ਸਰਪੰਚੀ ਜਿੱਤੀ, ਕਿਵੇਂ ਉਸ ਨੇ ਡੀ.ਸੀ. ਪਟਿਆਲਾ ਕੋਲ ਸ਼ਿਕਾਇਤ ਕੀਤੀ, ਕਿਵੇਂ ਉਸ ਨੇ ਪੰਜਾਬ ਭਲਾਈ ਵਿਭਾਗ ਅਤੇ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਗੇੜੇ ਲਾਏ। ਕਿਵੇਂ ਜਿਲ੍ਹਾ ਭਲਾਈ ਅਫਸਰ, ਤਹਿਸੀਲ ਭਲਾਈ ਅਫਸਰ ਅਤੇ ਡਾਇਰੈਕਟਰ ਭਲਾਈ ਵਿਭਾਗ ਦਾ ਸੁਪਰਡੰਟ ਮਸੀਹ ਉਸ ਦੇ ਪੈਰ ਨਹੀਂ ਲੱਗਣ ਦੇ ਰਿਹਾ।।

ਪੈਗਾਮ ਦਫਤਰੋਂ ਪ੍ਰਮੁੱਖ ਸਕੱਤਰ, ਭਲਾਈ ਵਿਭਾਗ ਨਾਲ ਫੋਨ ਤੇ ਗੱਲ ਕੀਤੀ ਗਈ ਕਿ ਕਿਵੇਂ ਇਸ ਸਹੀ ਜਾਪਦੀ ਸ਼ਿਕਾਇਤ ਨੂੰ ਪੜਤਾਲ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾਵੇ। ਪ੍ਰਮੁੱਖ ਸਕੱਤਰ, ਸ਼੍ਰੀ ਕ੍ਰਿਪਾ ਸ਼ੰਕਰ ਸਰੋਜ ਅਤੇ ਡਾਇਰੈਕਟਰ ਸ਼੍ਰੀ ਦਵਿੰਦਰ ਸਿੰਘ ਨੇ ਕਾਫੀ ਹਾਂ-ਪੱਖੀ ਵਿਸ਼ਵਾਸ਼ ਦਿਵਾਇਆ ਕਿ ਜਲਦੀ ਹੀ ਪੜਤਾਲ ਕਰਕੇ ਕੋਈ ਨਾ ਕੋਈ ਫੈਸਲਾ ਕੀਤਾ ਜਾਵੇਗਾ। ਪੰਦਰਾਂ-ਵੀਹ ਦਿਨ ਲੰਘ ਜਾਣ ਤੇ ਵੀ ਜਦੋਂ ਕੋਈ ਕਾਰਵਾਈ ਹੁੰਦੀ ਨਜ਼ਰ ਨਾ ਆਈ ਤਾਂ ਸ਼੍ਰੀ ਕ੍ਰਿਪਾ ਸੰਕਰ ਸਰੋਜ ਨਾਲ ਫਿਰ ਰਾਬਤਾ ਕਾਇਮ ਕਰਕੇ ਸੁਝਾਅ ਦਿੱਤਾ ਗਿਆ ਕਿ ਜੇਕਰ ਮਹਿਕਮੇ ਨੂੰ ਕੋਈ ਦਿੱਕਤ ਪੇਸ਼ ਆ ਰਹੀ ਹੈ ਤਾਂ ਕੀ ਪੈਗਾਮ ਕੋਈ ਮੱਦਦ ਕਰੇ ? ਸ਼੍ਰੀ ਸਰੋਜ ਨੇ ਝੱਟ ਹਾਂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਅਸੀਂ ਪੈਗਾਮ ਵੱਲੋਂ ਕੀਤੀ ਪੜਤਾਲ ਦਾ ਸਵਾਗਤ ਕਰਾਂਗੇ। ਇਹ ਇੱਕ ਪਬਲਿਕ ਇਨਕੁਆਇਰੀ ਹੋਵੇਗੀ, ਜਿਸ ਤੇ ਮਹਿਕਮਾ ਜਰੂਰ ਕਾਰਵਾਈ ਕਰੇਗਾ। ਇਸ ਤਰਾਂ 23/10/2019 ਨੂੰ ਪੈਗਾਮ ਵੱਲੋਂ ਇੱਕ ਟੀਮ ਪਿੰਡ ਆਲਮਪੁਰ ਦੇ ਦੌਰੇ ਵਾਸਤੇ ਰਵਾਨਾ ਹੋਈ। ਇੱਕ ਦਿਨ ਪਹਿਲਾਂ ਡੀ.ਸੀ. ਪਟਿਆਲਾ ਨੂੰ ਫੋਨ ਤੇ ਬੇਨਤੀ ਕਰ ਦਿੱਤੀ ਗਈ ਕਿ ਪਿੰਡ ਵਿੱਚ ਅਮਨ ਕਾਨੂੰਨ ਪੱਖੋਂ ਧਿਆਨ ਰੱਖਦਿਆਂ ਕੁਝ ਪੁਲਿਸ ਮੁਲਾਜਮ ਭੇਜ ਦਿੱਤੇ ਜਾਣ। ਮੌਕੇ ਤੇ ਪੜਤਾਲ ਕਰਨ ਲਈ ਸ਼੍ਰੀ ਐਸ.ਆਰ.ਲੱਧੜ, ਸਾਬਕਾ ਆਈ.ਏ.ਐਸ., ਸ਼੍ਰੀ ਅਮਰਜੀਤ ਸਿੰਘ ਘੱਗਾ, ਸਾਬਕਾ ਆਈ.ਆਰ.ਐਸ., ਬੀਬਾ ਰੁਪੀਤ ਕੌਰ, ਸੀਨੀਅਰ ਪੈਗਾਮ ਲੀਡਰ ਅਤੇ ਗੌਤਮ ਗਰੀਸ਼ ਪੈਗਾਮ ਮੈਂਬਰ ਮੌਕਾ ਪੜਤਾਲ ਲਈ ਪਿੰਡ ਆਲਮਪੁਰ ਪਹੁੰਚ ਗਏ। ਪਿੰਡ ਆਲਮਪੁਰ ਪਹੁੰਚ ਕੇ ਊਧਮ ਸਿੰਘ ਰਾਜਪੂਤ ਦੇ ਘਰ ਬੈਠ ਕੇ ਬਿਆਨ ਨੋਟ ਕਰਨੇ ਸ਼ੁਰੂ ਕੀਤੇ। ਊਧਮ ਸਿੰਘ, ਸਾਬਕਾ ਪੰਚ ਨੇ ਆਪਣੀ ਸਵਰਗਵਾਸੀ ਪਤਨੀ ਪ੍ਰਸਿੰਨ ਕੌਰ ਦਾ ਅ. ਜ. ਸਰਟੀਫਿਕੇਟ ਬਣਾਇਆ ਸੀ, ਉਸ ਸਰਟੀਫਿਕੇਟ ਤੇ ਪ੍ਰਸਿੰਨ ਕੌਰ ਪੰਚ ਬਣੀ। ਉਸ ਦਾ ਅਸਲੀ ਸਰਟੀਫਿਕੇਟ ਉਸ ਨੇ ਪੈਗਾਮ ਨੂੰ ਸੌਂਪ ਦਿੱਤਾ। ਊਧਮ ਸਿੰਘ ਰਾਜਪੂਤ, ਸੁਖਬੀਰ ਸਿੰਘ ਰਾਜਪੂਤ (ਪੰਚ), ਹਰਚੰਦ ਸਿੰਘ ਰਾਜਪੂਤ (ਸਰਪੰਚ) ਅਤੇ ਲਖਵਿੰਦਰ ਸਿੰਘ ਜੱਟ (ਨੰਬਰਦਾਰ) ਦੇ ਘਰ ਜਾ ਕੇ ਗਿਆਰਾਂ ਵਿਅਕਤੀਆਂ ਦੇ ਬਿਆਨ ਨੋਟ ਕੀਤੇ ਗਏ। ਇਨ੍ਹਾਂ ਬਿਆਨਾਂ ਤੋਂ, ਕੱਲ੍ਹ ਇਹ ਮੁੱਕਰ ਨਾ ਜਾਣ, ਇਸ ਦਾ ਖਿਆਲ ਰੱਖਦਿਆਂ ਹੋਇਆਂ ਬਿਆਨ ਕਰਤਾ ਦੇ ਦਸਤਖਤਾਂ ਦੇ ਨਾਲ ਦੋ-ਦੋ ਗਵਾਹਾਂ ਦੇ ਦਸਤਖਤ ਵੀ ਕਰਵਾਏ ਗਏ। ਪਿੰਡ ਦਾ ਚੌਕੀਦਾਰ, ਤਿੰਨ ਪੰਚ ਅਤੇ ਇੱਕ ਸਰਪੰਚ ਅਤੇ ਦੋ ਨੰਬਰਦਾਰਾਂ ਨੇ ਆਪਣੀ ਆਪਣੀ ਮੋਹਰ ਲਾ ਕੇ ਬਿਆਨਾਂ ਨੂੰ ਹੋਰ ਵੀ ਪੁਖਤਾ (ਪੱਕਾ) ਕਰ ਦਿੱਤਾ। ਇਨ੍ਹਾਂ ਬਿਆਨ-ਕਰਤਾਵਾਂ ਵਿੱਚ ਰਾਮਦਾਸੀਆ, ਜੱਟ, ਰਾਜਪੂਤ, ਬਾਲਮੀਕ ਅਤੇ ਕਥਿਤ ਸਿਰਕੀਬੰਦ ਵਿਅਕਤੀਆਂ ਦੇ ਬਿਆਨ ਵੀ ਕਲਮਬੰਦ ਕੀਤੇ ਗਏ। ਸ਼ਿਕਾਇਤ ਕਰਤਾ ਬਲਬੀਰ ਸਿੰਘ ਜਾਣ-ਬੁੱਝ ਕੇ ਇੱਧਰ-ਉੱਧਰ ਰਿਹਾ। ਇਸੇ ਪਿੰਡ ਆਲਮਪੁਰ ਵਿੱਚ ਰਾਜਪੂਤ ਵਰਗ ਦੇ ਲੋਕਾਂ ਨੇ ਸਿਰਕੀਬੰਦ ਜਾਤੀ ਦੇ (ਅ.ਜ.) ਦੇ ਸਰਟੀਫਿਕੇਟ ਕਿਉਂ ਬਣਾਏ, ਇਸ ਪਿੱਛੇ ਇੱਕ ਰੋਚਕ ਕਹਾਣੀ ਸਾਹਮਣੇ ਆਈ।

ਪਿੰਡ ਦੇ ਰਾਜਪੂਤ ਨੰਬਰਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਉਸ ਦਾ ਪਿਓ ਵੀ ਨੰਬਰਦਾਰ ਸੀ। ਉਹ ਆਪ ਬੈਂਕ ਵਿੱਚੋਂ ਮੈਨੇਜਰ ਰਿਟਾਇਰ ਹੋਇਆ ਹੈ। ਉਸ ਨੇ ਦੱਸਿਆ ਕਿ ਫਿਰੋਜਪੁਰ ਫਾਜਿਲਕਾ ਵੱਲ ਸਿਰਕੀਬੰਦੀ/ਰਾਏ ਸਿੱਖ ਆਪਣੇ ਆਪ ਨੂੰ ਰਾਜਪੂਤ ਵੰਸ਼ਜ ਵਿੱਚੋਂ ਦੱਸਦੇ ਸਨ। ਪਿੰਡ ਦੇ ਦੋ ਰਾਜਪੂਤ ਭਰਾ ਵਧਾਵਾ ਸਿੰਘ (ਪਟਵਾਰੀ) ਅਤੇ ਸੁਦਾਗਰ ਸਿੰਘ (ਅਧਿਆਪਕ) ਨੇ ਆਪਣੇ ਭਾਣਜਿਆਂ ਜਸਵੰਤ ਸਿੰਘ ਅਤੇ ਸੁਖਦੇਵ ਸਿੰਘ ਦੋਵਾਂ ਦੇ ਸਿਰਕੀਬੰਦ (ਅ.ਜ.) ਦੇ ਸਰਟੀਫਿਕੇਟ ਬਣਵਾ ਕੇ ਦਿੱਤੇ ਅਤੇ ਉਹ ਨੌਕਰੀ ਕਰ ਦੇ ਸੇਵਾ-ਮੁਕਤ ਵੀ ਹੋ ਗਏ ਹਨ। ਉਨ੍ਹਾਂ ਨੂੰ ਵੇਖਾ-ਵੇਖੀ ਸਿਰਕੀਬੰਦੀ ਜਾਤੀ ਦੇ ਸਿਰਟੀਫਿਕੇਟ ਬਣਾਉਣ ਦਾ ਕੰਮ ਅਜਿਹਾ ਚੱਲਿਆ ਕਿ 2011 ਅਤੇ 2001 ਦੀ ਜਨਗਣਨਾ ਰਿਪੋਰਟ ਵਿੱਚ ਹੈਰਾਨੀਜਨਕ ਤੱਥ ਸਾਹਮਣੇ ਆਏ। ਜਨਗਣਨਾ ਡਾਇਰੈਕਟਰ ਨੇ 24/10/2019 ਨੂੰ ਲਿਖਤੀ ਰਿਪੋਰਟ ਦਿੱਤੀ ਕਿ ਪਿੰਡ ਦੀ ਅਬਾਦੀ 2001 ਵਿੱਚ 1171 ਸੀ ਜੋ 2011 ਵਿੱਚ ਵਧ ਕੇ 1219 ਹੋ ਗਈ। ਇੱਥ ਪਿੰਡ ਦੀ ਅਬਾਦੀ ਵਿੱਚ 48 ਵਿਅਕਤੀਆਂ ਦਾ ਵਾਧਾ ਹੋਇਆ। ਪਰ ਅ.ਜ. ਦੇ ਵਿਅਕਤੀਆਂ ਦੀ ਅਬਾਦੀ 2001 ਵਿੱਚ 288 ਸੀ ਅਤੇ 2011 ਵਿੱਚ ਇਹ ਅਬਾਦੀ ਵਧ ਕੇ 818 ਹੋ ਗਈ। ਇੱਥ ਅ.ਜ. ਦੀ ਅਬਾਦੀ ਵਿੱਚ 530 ਵਿਅਕਤੀਆਂ ਦਾ ਵਾਧਾ ਹੋਇਆ। ਇਸੇ ਤਰਾਂ ਆਮ ਸ਼੍ਰੇਣੀ (ਜਨਰਲ ਵਰਗ) ਦੀ ਅਬਾਦੀ 482 ਘੱਟ ਹੋ ਗਈ। ਇਨ੍ਹਾਂ ਤੱਥਾਂ ਨੇ ਪਿੰਡ ਵਿੱਚ ਹੋਈ ਪੜਤਾਲ ਨੂੰ ਸੂਰਜ ਦੀ ਰੋਸ਼ਨੀ ਵਾਂਗ ਨੰਗਾ-ਚਿੱਟਾ ਕਰ ਦਿੱਤਾ। ਸਰਪੰਚ ਹਰਚੰਦ ਸਿੰਘ ਅਤੇ ਪੰਚ ਸੁਖਬੀਰ ਸਿੰਘ ਜਿਨ੍ਹਾਂ ਨੇ ਚੋਣਾਂ ਰਾਜਪੂਤ ਹੁੰਦਿਆਂ ਅ.ਜ. (ਸਿਰਕੀਬੰਦੀ) ਸਰਟੀਫਿਕੇਟ ਲੜੀਆਂ ਅਤੇ ਜਿੱਤੀਆਂ ਸਨ, ਬੇ-ਨਕਾਬ ਹੋ ਗਏ।

ਮਿਤੀ 29/10/2019 ਨੂੰ ਡਾਇਰੈਕਟਰ ਅਤੇ ਪ੍ਰਮੁੱਖ ਸਕੱਤਰ ਨੂੰ ਮਿਲ ਕੇ ਰਿਪੋਰਟ ਅਗਲੀ ਕਾਰਵਾਈ ਲਈ ਸੌਂਪ ਦਿੱਤੀ ਗਈ। ਪੰਜਾਬ ਸਰਕਾਰ ਵੱਲੋਂ ਅਜਿਹੇ ਕੇਸਾਂ ਨਾਲ ਨਜਿੱਠਣ ਲਈ ਦੋ ਕਮੇਟੀਆਂ ਬਣਾਈਆਂ ਹੋਈਆਂ ਹਨ, ਜਿਨ੍ਹਾਂ ਦੀਆਂ ਨੋਟੀਫਿਕੇਸ਼ਨ ਦੀਆਂ ਕਾਪੀਆਂ ਪਾਠਕਾਂ ਦੀ ਜਾਣਕਾਰੀ ਹਿੱਤ ਨਾਲ ਛਾਪ ਰਹੇ ਹਾਂ। ਮੌਜੂਦਾ ਜਾਣਕਾਰੀ ਮੁਤਾਬਿਕ ਮਹਿਕਮੇ ਦੇ ਜਿਲ੍ਹਾ ਭਲਾਈ ਅਫਸਰ ਨੇ ਵੀ ਕੁੱਲ ਸੱਤ ਰਾਜਪ ਦੇ ਸਰਟੀਫਿਕੇਟ ਰੱਦ ਕਰਨ ਸਬੰਧੀ ਆਪਣੀ ਰਿਪੋਰਟ ਭੇਜ ਦਿੱਤੀ ਹੈ। ਸਰਕਾਰ ਵੱਲੋਂ ਨਿਰਧਾਰਤ ਵਿਧੀ ਅਪਨਾਉਂਦੇ ਹੋਏ ਅਗਲੀ ਕਾਰਵਾਈ ਦੀ ਉਡੀਕ ਕੀਤੀ ਜਾ ਰਹੀ ਹੈ। ਜੇਕਰ ਜਾਅਲੀ ਸਰਟੀਫਿਕੇਟ ਰੱਦ ਹੁੰਦੇ ਹਨ ਤਾਂ ਜਾਅਲੀ ਸਰਟੀਫਿਕੇਟ ਬਣਾਉਣ ਵਾਲਿਆਂ ਦੇ ਖਿਲਾਫ ਐਫ. ਆਈ. ਆਰ. ਹੋਵੇਗੀ, ਅਦਾਲਤ ਵਿੱਚ ਕੇਸ ਚੱਲੇਗਾ ਅਤੇ ਸੱਤ ਸਾਲ ਤੱਕ ਸਜਾ ਹੋ ਸਕਦੀ ਹੈ।

ਪੈਗਾਮ ਨੂੰ ਅਜਿਹੀ ਜਾਣਕਾਰੀ ਵੀ ਮਿਲੀ ਹੈ ਕਿ ਕੁਝ ਅਜਿਹੇ ਹੀ ਜਾਅਲੀ ਸਰਟੀਫਿਕੇਟਾਂ ਤੇ ਅਧਾਰਤ ਕੁਝ ਲੋਕ DSP, IFS ਅਤੇ Sub-Judge PCS (Judicial) ਵੀ ਲੱਗ ਚੁੱਕੇ ਹਨ। ਪੈਗਾਮ ਇੱਕ ਕੇਸ ਨੂੰ ਸਿਰੇ ਲਾ ਕੇ ਅਗਾਂਹ ਚੱਲੇਗੀ। ਪੈਗਾਮ ਸੰਸਥਾ ਆਪਣਾ ਫਰਜ਼ ਪੂਰਾ ਕਰਨ ਲਈ ਵਚਨਬੱਧ ਹੈ ਅਤੇ ਗਰੀਬ ਅਨੁਸੂਚਿਤ ਜਾਤੀਆਂ ਦਾ ਹੱਕ ਸੰਵਿਧਾਨ ਮੁਤਾਬਕ ਉਨ੍ਹਾਂ ਨੂੰ ਮਿਲੇ, ਇਸ ਲਈ ਪੂਰੀ ਜੱਦੋ-ਜਹਿਦ ਕਰੇਗੀ।

**ਪਛੜੀਆਂ ਸ਼੍ਰੇਣੀਆਂ ਦੇ ਮਸਲੇ**

ਪੰਜਾਬ ਵਿੱਚ ਪਛੜੀਆਂ ਸ਼੍ਰੇਣੀਆਂ ਦੀਆਂ 68 ਜਾਤੀਆਂ ਹਨ ਜੋ ਕੁੱਲ ਵਸੋਂ ਦਾ ਲੱਗਭੱਗ ਇੱਕ ਤਿਹਾਈ ਹਨ (35%)।

ਪੰਜਾਬ ਦੀਆਂ ਪਛੜੀਆਂ ਸ਼੍ਰੇਣੀਆਂ ਦੇ ਲੋਕ ਕਿਰਤੀ ਅਤੇ ਮਿਹਨਤਕਸ਼ ਹਨ ਜਿਨ੍ਹਾਂ ਨਾਲ ਜਬਰਦਸਤ ਵਿਤਕਰਾ ਹੋ ਰਿਹਾ ਹੈ ਅਤੇ ਇਸ ਵਿਤਕਰੇ ਦਾ ਉਨ੍ਹਾਂ ਨੂੰ ਗਿਆਨ ਵੀ ਨਹੀਂ।

ਸੰਵਿਧਾਨ ਵਿੱਚ ਮਿਲੇ ਅਧਿਕਾਰਾਂ ਨੂੰ ਸਮੇਂ ਦੀ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਬੜੀ ਹੁਸ਼ਿਆਰੀ ਨਾਲ ਦਰ ਕਿਨਾਰ ਕਰਦੀ ਆ ਰਹੀ ਹੈ ਅਤੇ ਉਨ੍ਹਾਂ ਦਾ ਬਣਦਾ ਸੰਵਿਧਾਨਿਕ ਹੱਕ ਮਨੂੰਵਾਦੀ ਲੋਕਾਂ ਵੱਲੋਂ ਖੋਹਿਆ ਜਾ ਰਿਹਾ ਹੈ।ਪਛੜੀਆਂ ਸ਼੍ਰੇਣੀਆਂ ਦੇ ਲੀਡਰ ਕੁਰਸੀਆਂ ਤੱਕ ਸੀਮਤ ਹੋ ਕੇ ਖੁਦਗਰਜੀ ਦਾ ਮੁਜਾਹਰਾ ਕਰਦੇ ਹਨ ਅਤੇ ਆਪਣੇ ਸਮਾਜ ਦੀ ਅਜਾਦੀ ਅਤੇ ਤਰੱਕੀ ਲਈ ਕੋਈ ਵੀ ਯਤਨ ਕਰਦੇ ਨਜਰ ਨਹੀਂ ਆਉਂਦੇ।

ਪੰਜਾਬ ਦੀ ਵਸੋਂ ਮੁਤਾਬਿਕ ਪਛੜੀਆਂ ਸ਼੍ਰੇਣੀਆਂ ਦੇ ਘੱਟੋ-ਘੱਟ 40 ਐਮ.ਐਲ.ਏਜ਼. ਹੋਣੇ ਚਾਹੀਦੇ ਹਨ ਪਰ ਸਿਰਫ 9 ਹਨ ਜੋ ਆਪਣੇ ਬਲਬੂਤੇ ਤੇ ਚੋਣਾਂ ਲੜ ਕੇ ਜਿੱਤੇ ਹਨ। ਕੈਬਿਨਿਟ ਦੇ 18 ਮੰਤਰੀਆਂ ਸਮੇਤ ਮੁੱਖ ਮੰਤਰੀ, ਸਪੀਕਰ ਅਤੇ ਡਿਪਟੀ ਸਪੀਕਰ ਦੀ ਇੱਕ ਪੋਸਟ ਪਛੜੀ ਸ਼੍ਰੇਣੀ ਦੇ ਕਿਸੇ ਨੇਤਾ ਨੂੰ ਨਹੀਂ ਦਿੱਤੀ ਗਈ। ਵਸੋਂ ਮੁਤਾਬਿਕ ਘੱਟੋ-ਘੱਟ 6 ਮੰਤਰੀ ਪਛੜੀ ਸ਼੍ਰੇਣੀ ਵਿੱਚੋਂ ਹੋਣੇ ਚਾਹੀਦੇ ਹਨ।

ਸਮੇਂ ਦੀ ਕੇਂਦਰ ਸਰਕਾਰ ਨੇ ਵੀ ਸੰਵਿਧਾਨ ਦੀ ਪ੍ਰਾਵਧਾਨ ਧਾਰਾ 340 ਤਹਿਤ ਕਈ ਦਹਾਕੇ ਪਛੜੀਆਂ ਸ਼੍ਰੇਣੀਆਂ ਕਮਿਸ਼ਨ ਹੀ ਗਠਿਤ ਨਹੀਂ ਕੀਤਾ। ਜੇਕਰ ਕੀਤਾ ਤਾਂ ਖਿੱਚਦੇ ਖਿੱਚਦੇ 1990 ਤੱਕ ਕਮਿਸ਼ਨ ਦੀ ਰਿਪੋਰਟ ਲਾਗੂ ਨਹੀਂ ਕੀਤੀ। ਵੀ.ਪੀ. ਸਿੰਘ ਸਰਕਾਰ ਨੇ ਮੰਡਲ ਕਮਿਸ਼ਨ ਲਾਗੂ ਕੀਤਾ ਤਾਂ ਸੁਪਰੀਮ ਕੋਰਟ ਨੇ ਰੋਕ ਲਾ ਦਿੱਤੀ ਅਤੇ 1992 ਵਿੱਚ 52% O. B. C. ਵਸੋਂ ਨੂੰ 27% ਰਾਖਵਾਂਕਰਨ ਦੇਣ ਲਈ ਸੀਮਾ ਨਿਯਤ ਕਰ ਦਿੱਤੀ।

ਪੰਜਾਬ ਸਰਕਾਰ ਨੇ ਆਰਥਿਕ ਤੌਰ ਤੇ ਪਛੜੇ ਲੋਕਾਂ ਲਈ 10% ਰਾਖਵਾਂਕਰਨ ਤਾਂ ਫਟਾਫਟ ਕੇਂਦਰ ਦੀ ਤਰਜ ਤੇ ਲਾਗੂ ਕਰ ਦਿੱਤਾ ਪਰ ਮੰਡਲ ਕਮਿਸ਼ਨ ਦੀ O. B. C. ਲੋਕਾਂ ਲਈ ਕੀਤੀ ਸਿਫਾਰਸ਼ ਅੱਜ ਤੱਕ ਲਾਗੂ ਨਹੀਂ ਕੀਤੀ। ਜੇਕਰ 27% ਰਾਖਵਾਂਕਰਨ ਵੀ ਦੇ ਦਿੱਤਾ ਜਾਂਦਾ ਤਾਂ ਪਛੜੀਆਂ ਸ਼੍ਰੇਣੀਆਂ ਦੇ ਬੱਚੇ ਡਾਕਟਰ, ਇੰਜਨੀਅਰ, ਪੀ.ਸੀ.ਐਸ. ਅਤੇ ਹੋਰ ਪੜ੍ਹਾਈ ਦੇ ਖੇਤਰ ਵਿੱਚ ਅੱਗੇ ਲੰਘ ਜਾਂਦੇ ਪਰ ਇਹ ਮਨੂੰਵਾਦੀ ਲੀਡਰ, ਜੋ ਬਾਬਾ ਨਾਨਕ ਦਾ 550ਵਾਂ ਗੁਰ ਪੂਰਬ ਤਾਂ ਮਨਾ ਰਹੇ ਹਨ ਪਰ ਆਪਣੀ ਕਰਨੀ ਰਾਹੀਂ ਭਾਈ ਲਾਲੋ ਦੀ ਜਗ੍ਹਾ ਮਲਕ ਭਾਗੋ ਦਾ ਹਲਵਾ ਮੰਡਾ ਸਾਂਝਾ ਕਰਦੇ ਨਜ਼ਰ ਆਉਂਦੇ ਹਨ।

ਕੀ ਪੰਜਾਬ ਦੀਆਂ ਸਮੇਂ ਦੀਆਂ ਸਰਕਾਰਾਂ ਨੇ O. B. C. ਸਮਾਜ ਨੂੰ ਸਿਰਫ ਵੋਟ ਬੈਂਕ ਦੇ ਤੌਰ ਤੇ ਹੀ ਵਰਤਿਆ ਹੈ? ਕੀ O. B. C. ਸਮਾਜ ਦਾ ਭਲਾ ਇਹ ਰਵਾਇਤੀ ਪਾਰਟੀਆਂ ਕਰਨਗੀਆਂ? ਇਹ ਪ੍ਰਸ਼ਨ ਅੱਜ ਹਰ ਪੜ੍ਹੇ-ਲਿਖੇ ਪਛੜੀ ਸ਼੍ਰੇਣੀ ਦੇ ਸੂਝਵਾਨ ਵਿਅਕਤੀ ਨੂੰ ਆਪ ਆਪਣੇ ਕੋਲੋਂ ਅਤੇ ਆਪਣੇ ਉਨ੍ਹਾਂ ਲੀਡਰਾਂ ਤੋਂ ਪੁੱਛਣਾ ਚਾਹੀਦਾ ਹੈ ਜਿਨ੍ਹਾਂ ਦੀ ਜ਼ਮੀਰ ਜਿੰਦਾ ਹੋਵੇ। ਉਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਜਾਉਣ ਵੇਲੇ ਕਿਨ੍ਹਾਂ ਲੋਕਾਂ ਨੂੰ ਆਪਣੇ ਜਾਨਸ਼ੀਨ ਨਿਯੁਕਤ ਕੀਤਾ ਸੀ। ਉਹ ਕੌਣ ਲੋਕ ਸਨ ਜੋ ਆਪਣਾ ਸੀਸ ਭੇਟ ਕਰਕੇ ਪੰਜ ਪਿਆਰੇ ਬਣਨ ਲਈ ਤਿਆਰ ਹੋਏ ਸਨ? ਕੀ ਉਹੀ ਕੁਰਬਾਨੀ ਦਾ ਜਜਬਾ, ਕੀ ਉਹੀ ਗੁਰੂ ਦੇ ਦੱਸੇ ਰਾਹ ਤੇ ਚੱਲਣ ਦੀ ਹਿੰਮਤ ਅੱਜ ਵੀ ਉਨ੍ਹਾਂ ਵਿੱਚ ਹੈ? ਪੈਗਾਮ ਸੰਸਥਾ ਨੂੰ ਮਹਾਤਮਾ ਜੋਤੀਬਾ ਫੂਲੇ (ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਗੁਰੂ) ਅਤੇ ਡਾ. ਅੰਬੇਡਕਰ ਦੇ ਵਿਚਾਰਾਂ ਅਨੁਸਾਰ, ਦੇਸ਼ ਦੇ ਸੰਵਿਧਾਨ ਮੁਤਾਬਿਕ ਪੂਰੇ ਦੇਸ਼ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਫਿਲਾਸਫੀ ਵਾਲਾ ਸਮਾਜ ਸਿਰਜਣਾ ਚਾਹੀਦਾ ਹੈ।

ਕੀ ਅਜਿਹੀ ਸੰਸਥਾ ਨਾਲ ਜੁੜ ਕੇ ਆਪਾਂ ਗੁਰੂਆਂ ਦੇ ਦੱਸੇ ਮਾਰਗ ਦੇ ਪਾਂਧੀ ਨਹੀਂ ਬਣ ਰਹੇ? ਪੰਜਾਬ ਦੀ 70% ਐਸ.ਸੀ. ਅਤੇ ਓ.ਬੀ.ਸੀ. ਵਸੋਂ ਕੀ ਆਪਣਾ ਹੱਕ ਲੈਣ ਲਈ ਸੰਵਿਧਾਨ ਨਿਰਮਾਤਾ, ਔਰਤਾਂ, ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਸ਼੍ਰੇਣੀਆਂ ਅਤੇ ਦਲਿਤਾਂ ਦੇ ਮਸੀਹੇ ਡਾ. ਅੰਬੇਡਕਰ ਦਾ ਦਿੱਤਾ ਹੋਇਆ ਮੂਲ ਮੰਤਰ, "ਪੜ੍ਹੋ, ਜੁੜੋ, ਅਤੇ ਸੰਘਰਸ਼ ਕਰੋ" ਨੂੰ ਸਮਝ ਕੇ ਅਮਲ ਕਰਨਗੀਆਂ?

**- ਐਸ.ਆਰ. ਲੱਧੜ, ਆਈ.ਏ.ਐਸ. (ਰਿਟਾ.)**

**- ਰੁਪੀਤ ਕੌਰ, ਸੀਨੀਅਰ ਪੈਗਾਮ ਲੀਡਰ**

## ਪਾਲੀਵੁੱਡ ਹਲਚਲ

-ਅੰਮ੍ਰਿਤ ਪਵਾਰ

**ਸਰਗਰਮ ਸ਼ਸ਼ੀਰਾਜ**

ਸਵਰਗੀ ਵਰਿੰਦਰ ਨਾਲ ਸਹਾਇਕ ਨਿਰਦੇਸ਼ਕ ਤੇ ਫਿਰ ਲੰਮੇ ਅਨੁਭਵ ਤੋਂ ਬਾਅਦ 'ਜ਼ੋਰਾ ਜੱਟ' ਨਾਲ ਡਾਇਰੈਕਟਰ ਬਣੇ ਸ਼ਸ਼ੀਰਾਜ ਨੂੰ ਤਕਨੀਕੀ ਤੌਰ ਤੇ ਵਧੀਆ



ਨਿਰਦੇਸ਼ਕ ਕਿਹਾ ਜਾਂਦਾ ਹੈ। ਫਿਰ ਸ਼ਸ਼ੀਰਾਜ ਪਾਲੀਵੁੱਡ 'ਚ ਸ਼ਾਨਦਾਰ ਪ੍ਰਵੇਸ਼ ਕਰ ਰਿਹਾ ਹੈ। ਵਿਆਹ ਦੇ ਵਾਜੇ ਨਾਂ ਦੀ ਇਕ ਮਨੋਰੰਜਕ ਫਿਲਮ ਉਹ ਬਣਾ ਰਿਹਾ ਹੈ, ਜਿਸ 'ਚ ਗਿੱਪੀ ਗਰੇਵਾਲ ਦੀ ਮਹਿਮਾਨ ਭੂਮਿਕਾ ਹੋਵੇਗੀ ਤੇ ਯੋਗਰਾਜ ਸਿੰਘ ਅਹਿਮ ਕਿਰਦਾਰ ਨਿਭਾਅ ਰਿਹਾ ਹੈ।

**ਟਰੇਡ ਵਾਰ**

ਪੰਜਾਬੀ ਫਿਲਮਾਂ ਵਾਲਿਆਂ ਦਾ ਏਕਾ ਨਹੀਂ ਹੈ, ਏਕਾਅਧਿਕਾਰ ਹੈ। ਅਦਿਤਯ ਸੂਦ ਨੂੰ ਕਿਵੇਂ ਰੋਲਿਆ ਗਿਆ ਤੇ ਹੋਰ ਵੀ ਉਮੀਦਾਂ ਹਨ। ਇਸੇ ਹੀ ਤਰ੍ਹਾਂ ਗਿੱਪੀ ਤੇ ਦਿਲਜੀਤ ਨੇ ਹੁਣ ਕਦੇ ਇਕੱਠਿਆਂ ਫਿਲਮ ਨਹੀਂ ਕੀਤੀ ਇਸ ਸਭ ਦਾ ਲਾਭ 'ਕੁਝ ਲੋਕ' ਲੈ ਰਹੇ ਹਨ ਤੇ ਨਿਰਮਾਤਾ ਵਿਚਾਰੇ ਬਣ ਕੇ ਰਹਿ ਰਹੇ ਹਨ।

**ਮੰਨਤ ਸਿੰਘ ਦਾ ਸੰਘਰਸ਼**

ਪਹਿਲਾਂ ਸੁੱਖੀ ਪਵਾਰ ਦੇ ਨਾਂ ਤੇ ਰੰਗਮੰਚ ਤੇ ਫਿਰ ਪੰਜਾਬੀ ਵੀਡੀਓ ਗੀਤਾਂ ਦੀ ਨੰਬਰ ਵੰਨ ਮਾਡਲ ਰਹੀ ਸੁੱਖੀ ਪਵਾਰ ਆਪਣੇ ਸੰਘਰਸ਼ ਸਦਕਾ ਮੁੰਬਈ ਜਾ ਕੇ ਮੰਨਤ ਸਿੰਘ ਬਣ ਹੀਰੋਇਨ ਬਣੀ ਤੇ 'ਤੇਰੇ ਇਸ਼ਕ ਨਚਾਇਆ' 'ਮਹਿੰਦੀ ਵਾਲੇ ਹੱਥ' ਫਿਲਮਾਂ ਕੀਤੀਆਂ। ਹੁਣ ਮੰਨਤ ਸਿੰਘ ਫਿਰ ਪੰਜਾਬੀ ਫਿਲਮਾਂ ਵਿਚ ਆ ਗਈ ਹੈ। ਸੰਘਰਸ਼ ਦਾ ਫਲ ਉਸ ਅਨੁਸਾਰ ਮਿਲਦਾ ਹੈ, ਭਾਵਨਾ ਸਹੀ ਹੋਵੇ।

**ਨਿਚੋੜ**

ਪਿਛਲੇ ਕੁਝ ਸਮੇਂ ਦੌਰਾਨ 'ਰਾਜਾ', 'ਅਜ਼ਬ ਮੁਟਿਆਰਾਂ, ਮਿੱਟੀ ਦਾ ਬਾਵਾ, ਉੱਨੀ ਇੱਕੀ, ਗੁੰਮਰਾਹ' ਆਦਿ ਫਿਲਮਾਂ ਆਈਆਂ ਪਰ 'ਤਾਰਾ ਮੀਰਾ, ਸੁਰਖੀ ਬਿੰਦੀ, ਸਿਕੰਦਰ' ਨਾ ਹੀ ਚੱਲੀਆਂ ਜਦਕਿ 'ਝੱਲੇ' ਤੋਂ ਉਮੀਦਾਂ ਹਨ। ਸ਼ੋਹਰਿਆਂ ਦਾ ਪਿੰਡ ਆ ਗਿਆ, ਗਿੱਦੜਸਿੰਗੀ ਆ ਰਹੀਆਂ ਫਿਲਮਾਂ ਹਨ।

**ਨੀਟੂ ਪੰਧੇਰ**

ਇਸ ਸਮੇਂ ਸਟਾਰ ਐਕਟਰ ਨੀਟੂ ਪੰਧੇਰ ਬਣ ਰਿਹਾ ਹੈ। 'ਸਰਦਾਰ ਮੁਹੰਮਦ, ਕੱਚੇ ਧਾਗੇ' ਤੋਂ ਬਾਅਦ ਉਸ ਕੋਲ ਕਾਫ਼ੀ ਨਵੀਆਂ ਫਿਲਮਾਂ ਹਨ। ਬਤੌਰ ਲੇਖਕ ਵੀ ਉਹ ਆ ਰਿਹਾ ਹੈ ਤੇ 'ਖਤਰੇ ਦਾ ਘੁੱਗੂ' ਵਿਚ ਨੀਟੂ ਦਾ ਕਾਫ਼ੀ ਅਹਿਮ ਕਿਰਦਾਰ ਹੈ। ਨੀਟੂ ਪੰਧੇਰ ਦੀ ਲੁੱਕ, ਕੱਦ-ਕਾਠ ਤੇ ਵਿਅਕਤੀਤਵ ਉਸਨੂੰ ਹਰ ਤਰ੍ਹਾਂ ਦੇ ਕਿਰਦਾਰ ਵਿਚ ਫਿੱਟ ਕਰਦਾ ਹੈ।

**ਗਾਇਕ-ਨਾਇਕ**

ਸ਼ੁਰੂ ਤੋਂ ਹੀ ਇਹ ਤੇ ਖਾਸ ਕਰ ਸੁਰਿੰਦਰ ਬਿੰਦਰਾ ਸਮੇਂ ਤੋਂ ਗਾਇਕ-ਨਾਇਕ ਪਾਲੀਵੁੱਡ 'ਚ ਆ ਰਹੇ ਨੇ। ਗੁਰਦਾਸ ਮਾਨ ਤੇ ਬਾਅਦ ਵਿਚ ਦਿਲਜੀਤ ਦੁਸਾਂਝ, ਅਮਰਿੰਦਰ ਗਿੱਲ, ਐਮੀ ਵਿਰਕ, ਗੁਰਨਾਮ ਭੁੱਲਰ, ਤਰਸੇਮ ਜੱਸੜ ਉਹ ਨਾਂ ਹਨ, ਜੋ ਹਿੱਟ ਗਾਇਕ ਤੇ ਹਿੱਟ ਨਾਇਕ ਹਨ। ਬਾਕੀ ਹੋਰ ਵੀ ਗਾਇਕ ਇਹਨਾਂ ਫਿਲਮਾਂ 'ਚ ਆਏ ਪਰ ਕਈਆਂ ਨੂੰ ਦਰਸ਼ਕਾਂ ਨੇ ਸਵੀਕਾਰ ਨਹੀਂ ਕੀਤਾ। ਗਾਇਕ ਚੰਗੇ ਨਾਇਕ ਹੁੰਦੇ ਨੇ।

**ਗੋਪੀ ਢਿੱਲੋਂ**

ਕਾਫ਼ੀ ਸਾਰੀਆਂ ਟੈਲੀ ਫਿਲਮਾਂ 'ਚ ਐਕਟ ਰਹੇ ਗੋਪੀ ਢਿੱਲੋਂ ਨੂੰ ਵੀਡੀਓ-ਡਾਇਰੈਕਟਰ ਬਣ ਸਫਲਤਾ ਮਿਲੀ ਹੈ। ਫਿਰੋਜ਼ ਖਾਨ, ਨਛੱਤਰ ਗਿੱਲ ਤੱਕ ਦੇ ਵੀਡੀਓ ਕਰ ਚੁੱਕੇ ਗੋਪੀ ਢਿੱਲੋਂ ਨੇ ਹੁਣ ਫਿਲਮ ਨਿਰਦੇਸ਼ਕ ਬਣਨ ਦਾ ਟੀਚਾ ਰੱਖਿਆ ਹੈ। ਜਲਦੀ ਹੀ ਉਸਦੀ ਫਿਲਮ ਸੈਟ 'ਤੇ ਜਾ ਰਹੀ ਹੈ। ਲੁਧਿਆਣਾ ਦਾ ਗੋਪੀ ਢਿੱਲੋਂ ਇੰਡਸਟਰੀ ਨੂੰ ਕਈ ਹਿੱਟ ਮਾਡਲਜ਼ ਵੀ ਦੇ ਚੁੱਕਾ ਹੈ।

**ਬੀਤਿਆ ਵਕਤ**

ਪਹਿਲਾਂ ਪੰਜਾਬੀ ਫਿਲਮਾਂ ਸਿਰਫ ਪੇਂਡੂ ਪ੍ਰਧਾਨ ਤੇ ਹਲਕੀ ਕਾਮੇਡੀ ਤੇ ਹਾਸੇ ਦਾ ਪਾਤਰ ਸਨ। ਰਾਜ ਕਪੂਰ ਤੇ ਬੀ. ਆਰ. ਚੋਪੜਾ ਨੇ ਵੀ ਪੰਜਾਬੀ ਫਿਲਮ ਐਲਾਨੀ ਸੀ ਪਰ ਬਣੀਆਂ ਨਹੀਂ। ਸੁਨੀਲ ਦੱਤ, ਸ਼ਤਰੂਘਨ ਸਿਨਹਾ, ਸੰਜੀਵ ਕੁਮਾਰ, ਧਰਮਿੰਦਰ, ਮਨੋਜ ਕੁਮਾਰ ਵੀ ਪੰਜਾਬੀ ਫਿਲਮਾਂ ਦੀ ਸ਼ਾਨ ਬਣੇ। ਧਾਰਮਿਕ ਦੌਰ 'ਚ 'ਨਾਨਕ ਨਾਮ ਜਹਾਜ਼ ਹੈ', 'ਭਗਤ ਧੰਨਾ ਜੱਟ', 'ਜੈ ਮਾਤਾ ਸ਼ੇਰਾਂਵਾਲੀ' ਹਿੱਟ ਫਿਲਮਾਂ ਰਹੀਆਂ।

**ਸਿਤਾਰੇ**

ਇਸ ਸਮੇਂ ਗੁਰਨਾਮ ਭੁੱਲਰ, ਗਿੱਪੀ ਗਰੇਵਾਲ, ਯੋਗਰਾਜ ਸਿੰਘ, ਐਮੀ ਵਿਰਕ, ਅਮਰਿੰਦਰ ਗਿੱਲ, ਸਰਗੁਨ ਮਹਿਤਾ, ਜਪੁਜੀ ਖਹਿਰਾ, ਸੋਨਮ ਬਾਜਵਾ, ਨੀਰੂ ਬਾਜਵਾ ਸਟਾਰ ਕਲਾਕਾਰ ਹਨ। ਬੀਨੂੰ ਢਿੱਲੋਂ ਹੀਰੋ ਬਣ ਕਾਮਯਾਬ ਹੈ



ਤੇ ਦੇਵ ਖਰੌੜ ਵੀ ਸਟਾਰ ਐਕਸ਼ਨ ਹੀਰੋ ਹੈ।

**ਪ੍ਰਤੀਕਿਰਿਆ**

ਪੰਜਾਬੀ ਫਿਲਮਾਂ ਰਾਸ਼ਟਰੀ ਐਵਾਰਡ ਲੈ ਰਹੀਆਂ ਨੇ। ਹਰਿਆਣਾ ਸਬਸਿਡੀ ਦੇ ਸਕਦਾ ਹੈ, ਪੰਜਾਬ ਕਿਉਂ ਨਹੀਂ? ਫਿਲਮਾਂ ਦੀ ਰਿਲੀਜ਼ ਸਮੇਂ ਟਕਰਾਅ ਤੋਂ ਬਚਣ ਦੀ ਲੋੜ ਹੈ। ਪਬਲੀਸਿਟੀ ਬਜਟ ਸਹਿੰਦਾ-ਸਹਿੰਦਾ ਚਾਹੀਦਾ ਹੈ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:

650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲ ਮੰਤਰ ਇੱਕੋ ਹੀ?

ਇਸ ਲੇਖ ਬਾਰੇ: ਇਸ ਲੇਖ ਵਿੱਚ ਡਾ. ਸੁਖਪਾਲ ਸੰਘੇੜਾ ਦਿਖਾਉਂਦੇ ਕਿ ਕਿੰਝ ਗੁਰਬਾਣੀ ਦਾ ਮੂਲ ਮੰਤਰ ਤੇ ਵਿਗਿਆਨ ਦਾ ਇੱਕ ਕੇਂਦਰੀ ਮੂਲ ਸਿਧਾਂਤ ਫ਼ਲਸਫ਼ੇ ਵਿੱਚ ਕੁਦਰਤ ਬਾਰੇ ਮੂਲ ਪ੍ਰਸ਼ਨਾਂ ਦਾ ਮੂਲ ਰੂਪ ਇੱਕੋ ਜਿਹਾ ਉੱਤਰ ਨੇ। ਉਹ ਗੁਰਬਾਣੀ ਦਾ ਮੂਲ ਮੰਤਰ ਤੇ ਵਿਗਿਆਨ ਦੇ ਇਸ ਮੂਲ ਸਿਧਾਂਤ ਦੀਆਂ ਸਰਲ ਸ਼ਬਦਾਂ ਵਿੱਚ ਵਿਆਖਿਆਵਾਂ ਪੇਸ਼ ਕਰਦੇ ਹੋਏ ਇਹ ਵੀ ਦਿਖਾਉਂਦੇ ਹਨ ਕਿ ਕਿਵੇਂ ਦੇ ਕੁਦਰਤ ਬਾਰੇ ਇੱਕ ਮੂਲ ਪ੍ਰਸ਼ਨ ਦੇ ਇਹ ਦੋ ਉੱਤਰ ਅਰਥਾਂ ਤੋਂ ਇੱਕ ਦੂਜੇ ਨਾਲ ਹੂ-ਬਹੂ ਮੇਲ ਖਾਂਦੇ ਨੇ। ਸੰਖੇਪ ਵਿੱਚ ਇਸ ਮੇਲ ਦਾ ਮਤਲਬ ਵੀ ਜਾਂਚਿਆਂ ਗਿਆ ਹੈ। ਇਸ ਲੇਖ ਵਿੱਚੋਂ ਇਹ ਸੱਚ ਵੀ ਉੱਭਰ ਕੇ ਸਾਹਮਣੇ ਆਉਂਦੇ ਹੈ ਕਿ ਅਧਿਆਤਮਵਾਦੀ ਫ਼ਲਸਫ਼ੇ ਦੇ ਚੌਖਟੇ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੀ ਸੋਚ ਸਹਿਜ ਹੀ ਵਿਗਿਆਨਕ ਸੁਭਾਅ ਵਾਲੀ ਪਹੁੰਚ ਭੂਤਮੁਖੀ ਨਾ ਹੋ ਕੇ ਭਵਿੱਖਮੁਖੀ ਸੀ, ਅਤੇ ਫ਼ਲਸਫ਼ੇ ਦੇ ਕਿਸੇ ਖ਼ੇਤਰ ਦਾ ਖ਼ਿਆਲ ਵਿਗਿਆਨ ਦੀ ਕਸੌਟੀ 'ਤੇ ਪੂਰਾ ਉੱਤਰ ਕੇ ਕਿਸ ਤਰ੍ਹਾਂ ਦੁਨੀਆ ਵਿੱਚ ਯੁੱਗ ਪਲਟਾਊ ਭੌਤਿਕ ਤਬਦੀਲੀਆਂ ਲਿਆ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਇੱਕ ਮਹਾਨ ਫ਼ਿਲਾਸਫ਼ਰ ਸਨ। ਫ਼ਲਸਫ਼ਾ ਸ਼ਬਦ ਦਾ ਮੁੱਢ ਇਕ ਗਰੀਕ ਲਫ਼ਜ਼ ਹੈ, ਜਿਹਦਾ ਅਰਥ ਹੈ ਗਿਆਨ ਤੇ ਸਿਆਣਪ ਲਈ ਪਿਆਰ। ਸੋ, ਫ਼ਲਸਫ਼ਾ ਅਧਿਅਨ ਦਾ ਅਜੇਹਾ ਖ਼ੇਤਰ ਹੈ ਜਿਸ ਵਿੱਚ ਗਿਆਨ ਦੇ ਹਰ ਵਿਸ਼ੇ, ਜਿਵੇਂ ਕਿ ਹੋਂਦ, ਮਨ, ਧਰਮ, ਤਰਕ, ਕੁਦਰਤ, ਬ੍ਰਹਿਮੰਡ, ਆਦਿ ਬਾਰੇ ਬੁਨਿਆਦੀ ਸੁਆਲ ਪੁੱਛੇ ਜਾਂਦੇ ਨੇ, ਅਤੇ ਜੁਆਬ ਲੱਭਣ ਵਿੱਚ ਦਰਪੇਸ਼ ਸਮੱਸਿਆਵਾਂ ਨੂੰ ਪ੍ਰਭਾਸ਼ਿਤ ਕਰਕੇ ਉਨ੍ਹਾਂ ਦਾ ਹੱਲ ਕੱਢਿਆਂ ਜਾਂਦਾਂ ਹੈ। ਪ੍ਰਾਚੀਨ ਫ਼ਲਸਫ਼ੇ ਵਿੱਚ ਸਣੇ ਵਿਗਿਆਨ ਸੱਭ ਬੌਧਿਕ ਪ੍ਰਯਤਨ ਤੇ ਗਿਆਨ ਵਿਸ਼ੇ ਸ਼ਾਮਲ ਸਨ। ਉਦਾਹਰਣ ਦੇ ਤੌਰ 'ਤੇ ਫ਼ਿਲਾਸਫ਼ਰ ਅਰਸਤੂ (384-322 ਈਸਾ ਪੂਰਵ) ਦੁਨੀਆਂ ਦਾ ਪਹਿਲਾਂ ਭੌਤਿਕ ਵਿਗਿਆਨੀ ਵੀ ਮੰਨਿਆਂ ਜਾਂਦਾ ਹੈ। ਸੰਕਲਪ ਤੇ ਖ਼ਿਆਲ ਫ਼ਲਸਫ਼ੇ ਦੇ ਕਿਸੇ ਵੀ ਵਿਸ਼ੇ ਦੇ ਬੁਨਆਦੀ ਤੱਤ ਹੁੰਦੇ ਨੇ। ਇਹ ਕੋਈ ਅਨਹੋਣੀ ਨਹੀਂ ਕਿ ਫ਼ਲਸਫ਼ੇ ਦੇ ਦੋ ਅਲੱਗ ਖ਼ੇਤਰਾਂ ਵਿੱਚ ਇੱਕੋ ਹੀ ਮੂਲ ਖ਼ਿਆਲ ਦੋ ਵੱਖ ਰੂਪਾਂ ਵਿੱਚ ਵੱਖਰੀ ਤਰ੍ਹਾਂ ਵਰਤਿਆਂ ਜਾਏ, ਤੇ ਉਸ ਵਰਤੋਂ ਦੇ ਨਤੀਜੇ ਉਨ੍ਹਾਂ ਦੋ ਖ਼ੇਤਰਾਂ ਵਿੱਚ ਵੱਖ ਵੱਖ ਨਿਕਲਣ। ਇਸ ਸੰਦਰਭ ਵਿੱਚ, ਅਸੀਂ ਇਸ ਲੇਖ ਵਿੱਚ ਗੁਰਬਾਣੀ ਦੇ ਮੂਲ ਮੰਤਰ ਦੀ ਵਿਗਿਆਨ ਦੇ ਇੱਕ ਕੇਂਦਰੀ ਮੂਲ ਸਿਧਾਂਤ ਨਾਲ ਤੁਲਨਾ ਕਰਦੇ ਹੋਏ ਵੇਖਾਂਗੇ ਕਿ ਕਿਸ ਤਰ੍ਹਾਂ ਇਨ੍ਹਾਂ ਦੋਨ੍ਹਾਂ ਦੇ ਪਿੱਛੇ ਮੂਲ ਖ਼ਿਆਲ ਇੱਕ ਹੀ ਹੈ।

ਗੁਰਬਾਣੀ ਦਾ ਮੂਲ ਮੰਤਰ ਗੁਰਬਾਣੀ ਦਾ ਕੇਂਦਰੀ ਬਿੰਦੂ ਹੈ ਜਿਸ ਦੁਆਲੇ ਬਾਕੀ ਦੀ ਬਾਣੀ ਘੁੰਮਦੀ ਹੈ। ਇਸ ਵਿੱਚ ਇਲਾਹੀ ਸ਼ਕਤੀ ਦਾ ਨਾਂ ਲਏ ਬਗ਼ੈਰ ਉਹਦੇ ਗੁਣ ਉੱਚਰੇ ਗਏ ਨੇ। ਜਪੁਜੀ ਸਾਹਿਬ ਵਿੱਚ ਦਰਜ ਇਸ ਮੂਲ ਮੰਤਰ ਨਾਲ ਗੁਰੂ ਗ੍ਰੰਥ ਸਾਹਿਬ ਸ਼ੁਰੂ ਹੁੰਦਾ ਹੈ, ਜਦੋਂ ਗੁਰੂ ਨਾਨਕ ਦੇਵ ਜੀ ਆਪਣੇ ਕਲਾਮ ਵਿੱਚ ਫ਼ਰਮਾਉਂਦੇ ਹਨ:

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"

ਪ੍ਰੋ. ਸਾਹਿਬ ਸਿੰਘ ਦੇ ਸ਼ਬਦਾਂ ਵਿੱਚ ਇਸ ਦੀ ਸੰਖਿਪਤ ਵਿਆਖਿਆ ਹੈ:

"ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ 'ਹੋਂਦ ਵਾਲਾ' ਹੈ ਜੋ ਕਾਇਨਾਤ ਦਾ ਰਚਣਹਾਰ ਹੈ, ਜੋ ਸਭ ਵਿੱਚ ਵਿਆਪਕ ਹੈ, ਭੈ (ਡਰ) ਤੋਂ ਰਹਿਤ ਹੈ, ਵੈਰ ਰਹਿਤ ਹੈ, ਜਿਸ ਦਾ ਸਰੂਪ ਕਾਲ਼ ਤੋਂ ਪਰ੍ਹੇ ਹੈ, ਜੋ ਜੂਨਾਂ ਵਿੱਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ।"

ਜ਼ਰਾ ਹੋਰ ਵੇਰਵੇ ਸਹਿਤ ਵਿਆਖਿਆ ਹੇਠਾਂ ਦਰਜ਼ ਹੈ:

"ੴ": ਉਹ ਇਕ ਹੀ (੧), ਪਰ ਹਰ ਥਾਂ ਨਿਰੰਤਰ ਮੌਜੂਦ ਹੈ, ਅਨੇਕ ਰੂਪਾਂ ਵਿੱਚ: ਸਰਬ ਵਿਆਪਕ (ਓ)।

"ਸਤਿਨਾਮੁ": 'ਸਤਿ' ਸ਼ਬਦ ਦੀ ਜੜ੍ਹ ਵਿੱਚ ਸੰਸਕ੍ਰਿਤ ਦੇ ਦੋ ਲਫ਼ਜ਼ ਹਨ ਜਿਨ੍ਹਾਂ ਦੇ ਅਰਥ ਹਨ: ਹੋਂਦ ਤੇ ਪ੍ਰਮਾਣ। ਇਸ ਲਈ 'ਸਤਿਨਾਮ' ਦਾ ਮਤਲਬ ਹੋਇਆਂ: ਉਹ ਪ੍ਰਮਾਣਿਤ, ਯਾਣਿ ਕਿ ਸਚੇ, ਗੁਣਾਂ ਦੀ ਹੋਂਦ ਵਾਲਾ।

"ਕਰਤਾ ਪੁਰਖੁ": 'ਕਰਤਾ' ਦਾ ਭਾਵ ਉਹ ਬ੍ਰਹਿਮੰਡ ਦਾ ਰਚਨਹਾਰਾ ਤੇ ਚਲਾਉਂਣ ਵਾਲਾ ਹੈ। ਹਿੰਦੂ ਫ਼ਲਸਫ਼ਾ, ਜੋ ਗੁਰੂ ਨਾਨਕ ਜੀ ਦਾ ਪ੍ਰਵਾਰਿਕ ਪਿਛੋਖੜ ਸੀ, ਦੇ ਸੰਖਿਆ ਮੱਤ ਅਨੁਸਾਰ 'ਪੁਰਖੁ' ਆਨੰਤ ਇਲਾਹੀ ਆਤਮਾ ਹੈ ਜੋ ਨਸ਼ਟ ਨਹੀਂ ਕੀਤੀ ਜਾ ਸਕਦੀ। ਇੱਥੇ ਵੀ ਪੁਰਖੁ ਦਾ ਇਹੀ ਅਰਥ ਹੈ।

"ਨਿਰਭਉ ਨਿਰਵੈਰ": ਉਹ ਡਰ ਤੇ ਵੈਰ ਤੋਂ ਉੱਪਰ ਹੈ। ਆਪਣੇ ਨਿਯਮਾਂ ਮੁਤਾਬਕ ਚੱਲਦਾ ਹੈ, ਭੈਅ ਜਾਂ ਵੈਰ ਵਿੱਚ ਨਹੀਂ।

"ਅਕਾਲ ਮੂਰਤਿ": ਉਹ ਸਮੇਂ ਤੋਂ ਪਰ੍ਹੇ ਹੈ, ਭਾਵ ਉਹ ਸਦਾ ਤੋਂ ਇੱਥੇ ਹੈ ਤੇ ਨਸ਼ਟ ਨਹੀਂ ਜਾ ਸਕਦਾ (ਅਕਾਲ); ਉਹਦਾ ਆਪਣਾ ਕੋਈ ਰੂਪ ਨਹੀਂ ਪਰ ਫਿਰ ਵੀ ਉਹ ਪ੍ਰਗਟ (ਮੂਰਤਿ) ਰਹਿੰਦਾ ਹੈ।

"ਅਜੂਨੀ": ਉਹ ਜੂਨਾਂ ਤੋਂ ਉੱਪਰ ਹੈ; ਜਨਮ-ਮਰਨ ਦੇ ਚੱਕਰ ਤੋਂ ਬਾਹਿਰ; ਨਾ ਪੈਦਾ ਤੇ ਨਾ ਨਸ਼ਟ ਕੀਤਾ ਜਾ ਸਕਦਾ।

ਸੈਭੰ: ਇਹ ਸ਼ਬਦ ਸੰਸਕ੍ਰਿਤ ਦੇ ਉਸ ਲਫ਼ਜ਼ 'ਚੋਂ ਕੱਢਿਆਂ ਗਿਆਂ ਹੈ ਜਿਸ ਦਾ ਅਰਥ ਹੈ: ਆਪਣੇ ਆਪ ਤੋਂ ਹੀ ਹੋਣ ਵਾਲਾ, ਜਾਣਿ ਕਿ ਉਹ ਆਪਣਾ ਮੂਲ ਆਪ ਹੈ, ਹੋਰ ਚੀਜ਼ 'ਚੋਂ ਨਹੀਂ ਉਪਜਿਆ।

ਗੁਰ ਪ੍ਰਸਾਦਿ: ਉਹਨੂੰ ਗੁਰੂ ਦੀ ਕਿਰਪਾ ਦੁਆਰਾ ਜਾਣਿਆ ਜਾਂ ਸਕਦਾ ਹੈ।

ਮੂਲ ਮੰਤਰ ਦੇ ਲੇਖਕ, ਗੁਰੂ ਨਾਨਕ ਦੇਵ ਜੀ, ਫ਼ਿਲਾਸਫ਼ਰ ਸਨ ਜਿਨ੍ਹਾਂ ਦਾ ਫ਼ਲਸਫ਼ਾ ਕਾਵਿ ਰੂਖ ਵਿੱਚ ਹੋਰਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ। ਕਿਉਂਕਿ ਫ਼ਿਲਾਸਫ਼ਰ ਸੁਆਲ ਤੋਂ ਸ਼ੁਰੂ ਕਰਦੇ ਨੇ, ਤਾਂ ਉਹ ਕਿਹੜਾ ਬੁਨਿਆਦੀ ਸੁਆਲ ਹੋਵੇਗਾ ਜਿਹਦਾ ਜੁਆਬ ਹੈ: ਮੂਲ ਮੰਤਰ? ਮੂਲ ਮੰਤਰ ਤੋਂ ਸ਼ੁਰੂ ਕਰਕੇ, ਥੋੜ੍ਹੀ ਜਿਹੀ ਪੁੱਠੀ, ਯਾਨਿ ਰਿਵਰਸ, ਇੰਜੀਨੀਅਰਿੰਗ ਨਾਲ ਜਿਸ ਵਿਆਪਕ ਬੁਨਿਆਦੀ ਸੁਆਲ ਤੱਕ ਪਹੁੰਚ ਸਕਦੇ ਹਾਂ ਉਹ ਇਹ ਹੋਵੇਗਾ:

"ਉਹ ਕਿਹੜੀ ਚੀਜ਼ ਹੈ ਜਿਸ ਤੋਂ ਬ੍ਰਹਿਮੰਡ ਬਣਿਆਂ ਜਾਂ ਜਿਸ ਨੇ ਬ੍ਰਹਿਮੰਡ ਬਣਾਇਆਂ, ਤੇ ਇਸ ਨੂੰ ਚਲਾਉਂਦੀ ਹੈ; ਅਤੇ ਇਸ ਚੀਜ਼ ਦੇ ਵਿਆਪਕ ਲੱਛਣ ਕੀ ਹਨ?"

ਅਸਲ ਵਿੱਚ, ਇਸ ਪ੍ਰਸ਼ਨ ਪ੍ਰਾਚੀਨ ਕਾਲ ਤੋਂ ਹੀ ਇੱਕ ਤੋਂ ਜਿਆਦਾ ਗਿਆਨ ਖ਼ੇਤਰਾਂ ਵਿੱਚ ਅਨੇਕਾਂ ਫ਼ਿਲਾਸਫ਼ਰ ਪੁੱਛਦੇ ਆਏ ਨੇ; ਇਹ ਪ੍ਰਸ਼ਨ ਵਿਗਿਆਨੀਆਂ ਨੇ ਵੀ ਉਠਾਇਆਂ, ਜਿਨ੍ਹਾਂ ਨੂੰ ਪ੍ਰਾਚੀਨ ਕਾਲ ਤੇ ਮੱਧਕਲੀਨ ਯੁੱਗ ਵਿੱਚ ਕੁਦਰਤੀ ਫ਼ਿਲਾਸਫ਼ਰ ਕਿਹਾ ਜਾਂਦਾ ਸੀ। ਜਿਵੇਂ ਇਸ ਲੇਖ ਵਿੱਚ ਥੋੜਾ ਅੱਗੇ ਜਾ ਕੇ ਤੁਸੀਂ ਵੇਖੋਗੇ, ਵਿਗਿਆਨਕ ਖ਼ੋਜ ਸਦਕਾ ਇਸ ਪ੍ਰਸ਼ਨ ਦੇ ਜੋ ਉੱਤਰ ਲੱਭੇ ਨੇ ਉਨ੍ਹਾਂ ਦਾ ਨਿਚੋੜ ਜਾਂ 'ਮੂਲ ਮੰਤਰ', ਗੁਰਬਾਣੀ ਦੇ ਮੂਲ ਮੰਤਰ ਨਾਲ ਬਿੱਲਕੁੱਲ ਮਿਲਦਾ ਹੈ। ਇਸ ਨਤੀਜੇ ਵੱਲ ਨੂੰ ਤਰਕਸ਼ੀਲਤਾ ਨਾਲ ਵਧਣ ਲਈ ਆਪਣੇ ਚੌਗਿਰਦੇ ਨਜ਼ਰ ਦੁੜਾਓ, ਕਿਉਂਕਿ ਵਿਗਿਆਨ ਭੌਤਿਕ ਪ੍ਰਮਾਣ ਉੱਪਰ ਨਿਰਭਰ ਕਰਦੀ ਹੈ, ਗਿਆਨ ਪ੍ਰਾਪਤ ਕਰਨ ਲਈ।

ਆਪਣਾ ਆਲਾ ਦੁਆਲਾ ਵਾਚਣ ਤੋਂ ਬਾਅਦ ਜੇ ਤੁਸੀਂ ਕਹਿ ਦਿਓ ਕਿ ਬ੍ਰਹਿਮੰਡ ਚੀਜ਼ਾਂ ਦਾ ਬਣਿਆਂ ਹੋਇਆਂ ਹੈ, ਤਾਂ ਬਿਆਨ ਵਿਗਿਆਨ ਦੇ ਮਾਰਗ 'ਤੇ ਚੱਲਦਿਆਂ ਬ੍ਰਹਿਮੰਡ ਨੂੰ ਸਮਝਣ ਲਈ ਵੱਲ ਪੁੱਟਿਆਂ ਪਹਿਲਾਂ ਕਦਮ ਹੋਏਗਾ। ਅਸੀਂ ਜੋ ਵੀ ਚੀਜ਼ਾਂ ਵੇਖਦੇ ਹਾਂ ਉਨ੍ਹਾਂ ਨੂੰ ਦੋ ਕਿਸਮਾਂ ਵੰਡ ਸਕਦੇ ਹਾਂ: ਮਾਦਾ ਤੇ ਊਰਜਾ। ਮਾਦੇ ਦੀ ਕਿਸਮ ਵਿੱਚ ਉਹ ਸਾਰੀਆਂ ਚੀਜ਼ਾਂ ਆਉਂਦੀਆਂ ਨੇ ਜੋ ਪੁਲਾੜ ਵਿੱਚ ਥਾਂ ਮੱਲਦੀਆਂ ਨੇ ਤੇ ਉਨ੍ਹਾਂ ਦਾ ਪੁੰਜ, ਯਾਨਿ ਮਅਸਸ, ਹੁੰਦਾ ਹੈ ਜੋ ਗੁਰੂਤਾ ਖਿੱਚ ਕਰਕੇ ਭਾਰ ਬਣ ਜਾਂਦਾ ਹੈ; ਜਿਵੇਂ ਸੂਰਜ, ਤਾਰੇ, ਕਾਰਾਂ, ਬੱਦਲ, ਕਣੀਆਂ, ਇੱਟਾਂ, ਇਮਾਰਤਾਂ, ਰੋਟੀਆਂ, ਤੇ ਅਸੀਂ ਸੱਭ। ਜੋ ਚੀਜ਼ਾਂ ਮਾਦਾ ਨਹੀਂ ਹਨ, ਉਹ ਊਰਜਾ ਕਿਸਮ ਵਿੱਚ ਆਉਂਦੀਆਂ ਨੇ, ਜਿਵੇਂ ਧੁੱਪ, ਗਰਮੀ, ਬਿਜਲੀ, ਰੌਸ਼ਨੀ, ਆਦਿ। ਊਰਜਾ ਪ੍ਰਤੱਖ ਰੂਪ 'ਚੇ ਮਾਦੇ ਵਿੱਚ ਨਹੀਂ, ਬਲਕਿ ਲਹਿਰਾਂ ਵਿੱਚ ਜਿਉਂਦੀ ਹੈ, ਤੇ ਲਹਿਰਾਂ ਦਾ ਕੋਈ ਪੁੰਜ ਜਾਂ ਭਾਰ ਨਹੀਂ ਹੁੰਦਾ। ਮਿਸਾਲ ਵਜੋਂ, ਧੁੱਪ ਸੂਰਜ ਤੋਂ ਤੇ ਚਾਂਦਨੀ ਚੰਦਰਮਾਂ ਤੋਂ ਲਹਿਰਾਂ ਦੇ ਰੂਪ ਵਿੱਚ ਯਾਤਰਾਂ ਕਰਕੇ ਸਾਡੇ ਕੋਲ ਪਹੁੰਚਦੀ ਹੈ। ਮਾਦੇ ਤੇ ਊਰਜਾ (ਜਾਂ ਲਹਿਰ) ਦੇ ਘੇਰੇ ਤੋਂ ਬਾਹਰ ਵਿਗਿਆਨੀਆਂ ਨੂੰ ਕੋਈ ਵੀ ਚੀਜ਼ ਅੱਜ ਤੱਕ ਨਹੀਂ ਲੱਭੀ ਬ੍ਰਹਿਮੰਡ ਵਿੱਚੋਂ।




ਬਾਬਾ ਨਾਨਕ ਜੀ (1469--1539): ਗੁਰਬਾਣੀ ਦੇ ਮੂਲ ਮੰਤਰ ਦੇ ਲੇਖਕ ਤੇ ਪੰਜਾਬ ਦੇ ਮਹਾਨ ਫ਼ਿਲਾਸਫ਼ਰ ਜਿਨ੍ਹਾਂ ਨੇ ਯੂਰਪੀਅਨ ਰੇਨਾਸਾਂਸ ਜਾਗਰਤੀ ਲਹਿਰ ਦੌਰਾਨ ਪੰਜਾਬ ਵਿੱਚ ਜਾਗਰਤੀ ਲਹਿਰ ਸ਼ੁਰੂ ਕੀਤੀ, ਜਿਸ ਵਿੱਚ ਭਗਤ ਜਨਾਂ ਤੇ ਸੂਫ਼ੀਆਂ ਨੇ ਵੀ ਹਿੱਸਾ ਲਿਆ।

ਜ਼ਰਾ ਗਹੁ ਨਾਲ ਦੇਖਿਆਂ ਜਾਵੇ ਤਾਂ ਮਾਦੇ ਤੇ ਊਰਜਾ ਰਿਸ਼ਤਾ ਅਟੁੱਟ ਜਾਪਦਾ ਹੈ। ਉਦਾਹਰਣ ਵਜੋਂ, ਧੁੱਪ ਜਾਂ ਕਿਸੇ ਰੌਸ਼ਨੀ, ਭਾਵ ਊਰਜਾ, ਦੀ ਮੱਦਦ ਨਾਲ ਅਸੀਂ ਮਾਦਾ ਚੀਜ਼ਾਂ ਨੂੰ ਦੇਖਦੇ ਹਾਂ। ਚੁਲ੍ਹੇ ਵਿੱਚ ਲੱਕੜ, ਜੋ ਮਾਦਾ ਹੈ, ਅੱਗ ਪੈਦਾ ਕਰਦਾ ਹੈ। ਅੱਗ ਦੀ ਊਰਜਾ ਰੋਟੀਆਂ, ਜੋ ਮਾਦਾ ਨੇ, ਪਕਾਉਂਦੀ ਹੈ। ਰੋਟੀਆਂ ਅਸੀਂ ਖਾਂਦੇ ਹਾਂ ਜਿਨ੍ਹਾਂ ਨੂੰ ਸਾਡੇ ਸਰੀਰਾਂ ਦੇ ਸੈੱਲ ਊਰਜਾ ਵਿੱਚ ਬਦਲ ਦਿੰਦੇ ਹਨ, ਜਿਸ ਊਰਜਾ ਬਿਨ੍ਹਾਂ ਸਾਡਾ ਚਲਣਾ ਫਿਰਨਾ ਤੇ ਕੰਮ ਕਰਨਾਂ ਤਾਂ ਦੂਰ ਦੀ ਗੱਲ ਰਹੀ, ਅਸੀਂ ਜਿੰਦਾ ਵੀ ਨਹੀਂ ਰਹਿ ਸਕਦੇ। ਇੰਜਨ ਮਾਦਾ ਪੈਟਰੋਲ ਨੂੰ ਊਰਜਾ ਵਿੱਚ ਬਦਲ ਕੇ ਕਾਰਾਂ, ਬੱਸਾਂ, ਹਵਾਈ ਜਹਾਜ਼ਾਂ ਆਦਿ ਨੂੰ ਚਲਾਉਂਦੇ ਹਨ। ਇਸ ਤਰ੍ਹਾਂ, ਅਸੀਂ ਵੇਖ ਸਕਦੇ ਹਾਂ ਕਿ ਸਾਰਾ ਸੰਸਾਰ ਹੀ ਨਹੀਂ, ਬਲਕਿ ਸਾਰਾ ਬ੍ਰਹਿਮੰਡ ਹੀ ਮਾਦੇ, ਊਰਜਾ, ਤੇ ਇਨ੍ਹਾਂ ਦੋ ਕਿਸਮਾਂ ਦਾ ਆਪਸ ਵਿੱਚ ਤਬਦੀਲ ਹੋ ਜਾਣ ਦਾ ਖੇਲ ਹੈ।

ਉਪਰੋਤਕ ਚਰਚਿਤ 'ਲੱਕੜਾਂ ਦਾ ਬਲਣਾ' ਤੇ 'ਸਰੀਰ ਦੇ ਸਿੱਲਾਂ ਵਲੋਂ ਭੋਜਨ ਨੂੰ ਊਰਜਾ ਵਿੱਚ ਵਟਾਉਣਾ' ਦੋਨੇਂ ਹੀ ਮਾਦੇ ਦੇ ਊਰਜਾ ਵਿੱਚ ਪਰਿਵ੍ਰਤਤ ਕਰਨ ਦੀਆਂ ਮਿਸਾਲਾਂ ਹਨ। ਭਾਵੇਂ ਰੋਜ਼ਾਨਾ ਜ਼ਿੰਦਗੀ ਵਿੱਚੋਂ ਮਿਸਾਲ ਨਹੀਂ ਮਿਲਦੀ, ਪਰ ਪੁੱਠੀ ਪ੍ਰਕਿਰਿਆਂ, ਜਾਣਿ ਕਿ ਊਰਜਾ ਦਾ ਮਾਦੇ ਵਿੱਚ ਤਬਦੀਲ ਹੋ ਜਾਣਾ, ਵੀ ਸੰਭਵ ਹੈ। ਉਦਾਹਰਣ ਵਜੋਂ, ਜਦੋਂ ਮੈਂ ਯੂਰਪੀਅਨ ਓਰ੍ਗੇਨਾਈਜ਼ੈਸ਼ਨ ਫਾਰ ਨਿਊਕਲੀਅਰ ਰੀਸਰਚ, ਸੰਖੇਪ ਵਿੱਚ ਸਰਨ, ਨਾਮ ਦੀ ਪ੍ਰਯੋਗਸ਼ਾਲਾ ਵਿੱਚ ਰੀਸਰਚ ਸਾਇੰਸਦਾਨ ਦੇ ਤੌਰ 'ਤੇ ਕੰਮ ਕਰਦਾ ਸਾਂ ਤਾਂ, ਸੰਗੀ ਸਾਇੰਸਦਾਨ ਨਾਲ ਰੋਜ਼ ਊਰਜਾ 'ਚੋਂ ਮਾਦੇ ਦੇ ਕਣ ਬਣਾਉਣ ਦੇ ਤਜਰਬੇ 'ਚੋਂ ਲੰਘਦਾ ਸਾਂ। ਦੁਨੀਆਂ ਦੀ ਸੱਭ ਤੋਂ ਵੱਡੀ ਇਸ ਫਿਜ਼ਿਕਸ ਪ੍ਰਯੋਗਸ਼ਾਲਾ ਵਿੱਚ ਮੂਲ ਕਣਾਂ ਇਲੈਕਟ੍ਰਾਨ ਤੇ ਪੌਜ਼ੀਟ੍ਰਾਨ ਨੂੰ ਐਕਸੇਲਾਰੇਟਰ ਵਿੱਚ ਕਰੀਬ ਰੌਸ਼ਨੀ ਦੀ ਗਤੀ ਤੱਕ ਵਿਰੋਧੀ ਦਿਸ਼ਾਵਾਂ ਵਿੱਚ ਦੌੜ੍ਹਾ ਕੇ ਇੱਕ ਦੂਜੇ ਨਾਲ ਸਿੱਧੇ ਮੱਥੇ ਭਿੜਾਇਆਂ ਜਾਂਦਾ ਸੀ; ਉਨ੍ਹਾਂ ਦੀ ਗਤੀ ਦੀ ਊਰਜਾ ਅਜੇਹੇ ਮੂਲ ਕਣ ਪੈਦਾ ਕਰਦੀ ਜੋ ਬ੍ਰਹਿਮੰਡ ਦੇ ਸ਼ੁਰੂ ਵਿੱਚ ਹੀ ਆਜ਼ਾਦ ਹਾਲਤ ਵਿੱਚ ਸਨ, ਜਿਵੇਂ ਕੁਆਰਕ ਤੇ ਜ਼ੀ ਪਾਰਟੀਕਲ। ਫਿਰ, ਅਸੀਂ ਇਨ੍ਹਾਂ ਪੈਦਾ ਹੋਏ ਕਣਾਂ ਦਾ ਅਧਿਅਨ ਕਰਦੇ, ਬ੍ਰਹਿਮੰਡ ਦਾ ਮੁੱਢ ਖੋਜਣ ਲਈ। ਉਕਤ ਚਰਚਾ ਤੋਂ ਸਪਸ਼ਟ ਹੈ ਕਿ ਮਾਦਾ ਅਤੇ ਊਰਜਾ ਇੱਕ ਦੂਜੇ ਵਿੱਚ ਤਬਦੀਲ ਹੋ ਸਕਦੇ ਨੇ। ਇਹਦਾ ਮਤਲਬ ਹੈ ਕਿ ਉਹ ਸਮਵਸਤ ਹਨ; ਇੱਕ ਹੀ ਚੀਜ਼ ਦੇ ਦੋ ਰੂਪ। ਸੋ, ਅਸੀਂ ਕਹਿ ਸਕਦੇ ਕਿ ਬ੍ਰਹਿਮੰਡ ਸਿਰਫ਼ ਊਰਜਾ ਤੋਂ ਬਣਿਆਂ ਹੈ; ਮਾਦਾ ਤਾਂ ਊਰਜਾ ਦਾ ਹੀ ਇੱਕ ਰੂਪ ਹੈ। ਜਾਂ ਫਿਰ, ਜਿਵੇ ਅਸੀ ਇਸ ਲੇਖ ਵਿੱਚ ਮੰਨਾਂਗੇ, ਇਹ ਵੀ ਕਹਿ ਸਕਦੇ ਹਾਂ ਕਿ ਬ੍ਰਹਿਮੰਡ ਸਿਰਫ਼ ਮਾਦੇ ਤੋਂ ਬਣਿਆਂ ਹੈ; ਊਰਜਾ ਤਾਂ ਮਾਦੇ ਦਾ ਹੀ ਇੱਕ ਰੂਪ ਹੈ। ਮਾਦਿਕ ਵਸਤਾਂ ਦੇ ਅਣਗਿਣਤ ਰੂਪ ਨੇ: ਵੱਖੋ-ਵੱਖਰੇ ਬੰਦੇ, ਪਸ਼ੂ, ਦਰੱਖਤ, ਅਨਾਜ, ਕੱਪੜੇ, ਆਦਿ। ਕੁਝ ਮਾਦਿਕ ਵਸਤਾਂ ਨੂੰ ਇੱਕ ਰੂਪ ਤੋਂ ਦੂਜੇ ਰੂਪ ਵਿੱਚ ਬਦਲਿਆਂ ਜਾ ਸਕਦਾ ਹੈ; ਮਿਸਾਲ ਵਜੋਂ, ਆਟੇ, ਤੇਲ, ਖੰਡ, ਤੇ ਰੰਗ ਨੂੰ ਜਲੇਬੀਆਂ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਊਰਜਾ ਤਾਂ ਮਾਦੇ ਦਾ ਰੂਪ ਹੈ ਹੀ, ਆਪਣੇ ਆਪ ਵਿੱਚ ਹੀ ਊਰਜਾ ਦੇ ਕੁਝ ਰੂਪਾਂ ਨੂੰ ਦੂਜੇ ਰੂਪਾਂ ਵਿੱਚ ਬਦਲਿਆਂ ਜਾ ਸਕਦਾ ਹੈ। ਉਦਾਹਰਣ ਵਜੋਂ ਹਾਈਡਰੋਪਾਵਰ ਪਲੈਂਟ ਡਿਗਦੇ ਪਾਣੀ ਦੀ ਗਤੀਆਤਮਿਕ ਊਰਜਾ ਨੂੰ ਤੇ ਸੋਲਰ ਸੈੱਲ ਧੁੱਪ ਊਰਜਾ ਨੂੰ ਬਿਜਲਈ ਊਰਜਾ ਵਿੱਚ ਤਬਦੀਲ ਕਰਦੇ ਨੇ; ਬਿਜਲਈ ਚੁੱਲ੍ਹੇ ਬਿਜਲਈ ਊਰਜਾ ਨੂੰ ਗਰਮੀ ਊਰਜਾ ਵਿੱਚ ਬਦਲਦੇ ਹਨ; ਤੇ ਸਾਡਾ ਸਰੀਰ ਭੋਜਨ ਦੀ ਕੈਮੀਕਲ ਊਰਜਾ ਦਾ ਮੈਕੇਨੀਕਲ ਤੇ ਬਿਜਲਈ ਊਰਜਾ ਵਿੱਚ ਪਰਿਵਰਤਨ ਕਰਦਾ ਹੈ ਤਾਂ ਕਿ ਅਸੀਂ ਚੱਲ-ਫਿਰ ਸਕੀਏ।

ਸਦੀਆਂ-ਬੱਧੀ ਸਮੇਂ ਦੌਰਾਨ, ਕਈ ਵਿਗਿਆਨੀਆਂ ਦੇ ਕੰਮ ਮਿਲਾ ਕੇ, ਵਿਗਿਆਨ ਵਿੱਚ ਇੱਕ ਕੇਂਦਰੀ ਮੂਲ ਸਿਧਾਂਤ ਸਥਾਪਤ ਹੋਇਆਂ ਜਿਸ ਉੱਪਰ ਹੋਰ ਕਈ ਸਿਧਾਂਤ ਨਿਰਭਰ ਕਰਦੇ ਹਨ; ਇਸ ਲਈ ਮੈਂ ਇਸ ਲੇਖ ਵਿੱਚ ਇਸ ਸਿਧਾਂਤ ਨੂੰ ਵਿਗਿਆਨ ਦਾ ਮੂਲ ਮੰਤਰ ਕਿਹਾ ਹੈ। ਊਰਜਾ ਨੂੰ ਮਾਦੇ ਹੀ ਇਕ ਰੂਪ ਸਮਝਦੇ ਹੋਏ, ਵਿਗਿਆਨ ਦਾ ਇਹ ਮੂਲ ਸਿਧਾਂਤ ਇੰਝ ਬਿਆਨ ਸਕਦੇ ਹਾਂ:



ਅਲਬਰਟ ਆਈਨਸਟਾਈਨ (1879 -- 1955): ਅਧੁਨਿਕ ਜੀਵਨ ਨੂੰ ਪ੍ਰਭਾਵਤ ਕਰਨ ਵਾਲਾ ਇੱਕ ਮਹਾਨ ਵਿਗਿਆਨੀ, ਜਿਹਦੀ ਖੋਜ਼ ਸਦਕਾ ਸਦੀਆਂ ਤੋਂ ਚੱਲਿਆਂ ਆ ਰਿਹਾ ਵਿਗਿਆਨ ਦਾ ਇੱਕ ਅਧੂਰਾ ਕੇਂਦਰੀ ਮੂਲਸਿਧਾਂਤ, ਮਾਦਾ ਦੀ ਵਿਨਾਸ਼ਤਾ ਦਾ ਸਿਧਾਂਤ, ਪੂਰਾ ਹੋਇਆ।

"ਬ੍ਰਹਿਮੰਡ ਸਿਰਫ਼ ਮਾਦੇ ਤੋਂ ਬਣਿਆਂ ਹੋਇਆਂ ਹੈ। ਮਾਦਾ ਨਾ ਪੈਦਾ ਤੇ ਨਾ ਹੀ ਨਸ਼ਟ ਕੀਤਾ ਜਾ ਸਕਦਾ ਹੈ; ਇਹ ਸਿਰਫ਼ ਰੂਪ ਬਦਲ ਸਕਦਾ ਹੈ। ਮਾਦੇ ਦੀ ਕੁੱਲ ਮਾਤਰਾ ਹਮੇਸ਼ਾ ਹੀ ਸਥਿਰ ਤੇ ਨਿਰੰਤਰ ਰਹਿੰਦੀ ਹੈ; ਵੱਧਦੀ ਘੱਟਦੀ ਨਹੀਂ।"

ਇਸ ਨਿਯਮ ਨੂੰ, ਪੰਜਾਬੀ ਵਿੱਚ, 'ਮਾਦਾ ਦੀ ਅਵਿਨਾਸ਼ਤਾ' ਦਾ ਸਿਧਾਂਤ ਕਹਿ ਸਕਦੇ ਹਾਂ।

ਇਸ ਨਿਯਮ ਤੇ ਇਸ ਤੋਂ ਪਹਿਲਾਂ ਮਾਦੇ ਤੇ ਊਰਜਾ ਦੇ ਚਰਚੇ ਅਨੁਸਾਰ ਮਾਦੇ ਦੇ ਗੁਣਾਂ ਦੀ ਗੁਰਬਾਣੀ ਦੇ ਮੂਲ ਮੰਤਰ ਨਾਲ ਇੰਝ ਤੁਲਨਾ ਕਰ ਸਕਦੇ ਹਾਂ:

"ੴ": ਮਾਦਾ ਇਕ ਹੈ (੧), ਪਰ ਹਰ ਥਾਂ ਨਿਰੰਤਰ ਮੌਜੂਦ ਹੈ, ਅਨੇਕ ਰੂਪਾਂ ਵਿੱਚ: ਸਰਬ ਵਿਆਪਕ (ਓਂਕਾਰ)।

"ਸਤਿਨਾਮੁ": ਮਾਦਾ ਪ੍ਰਮਾਣਿਤ, ਯਾਣਿ ਕਿ ਸਚੇ, ਗੁਣਾਂ ਦੀ ਹੋਂਦ ਵਾਲਾ।

"ਕਰਤਾ ਪੁਰਖੁ": ਬ੍ਰਹਿਮੰਡ ਸਿਰਫ਼ ਮਾਦੇ ਤੋਂ ਬਣਿਆਂ ਹੋਇਆਂ ਹੈ ਤੇ ਮਾਦੇ ਨਿਯਮਾਂ ਮੁਤਾਬਕ ਚੱਲਦਾ ਹੈ (ਕਰਤਾ) ।ਮਾਦਾ ਨਸ਼ਟ ਨਹੀਂ ਕੀਤਾ ਜਾ ਸਕਦਾ (ਪੁਰਖੁ)।

"ਨਿਰਭਉ ਨਿਰਵੈਰ": ਮਾਦੇ ਨੂੰ ਕਿਸੇ ਦਾ ਡਰ ਨਹੀਂ ਤੇ ਨਾ ਕਿਸੇ ਨਾਲ ਵੈਰ ਹੀ। ਇਹ ਆਪਣੇ ਨਿਯਮਾਂ ਮੁਤਾਬਕ ਚੱਲਦਾ ਹੈ।

"ਅਕਾਲ ਮੂਰਤਿ": ਮਾਦਾ ਨਸ਼ਟ ਨਹੀਂ ਜਾ ਸਕਦਾ। ਉਹਦਾ ਆਪਣਾ ਕੋਈ ਖ਼ਾਸ ਰੂਪ ਨਹੀਂ, ਪਰ ਫਿਰ ਵੀ ਉਹ ਵੱਖ ਵੱਖ ਰੂਪਾਂ ਵਿੱਚ ਪ੍ਰਗਟ (ਮੂਰਤਿ) ਰਹਿੰਦਾ ਹੈ।

ਅਜੂਨੀ ਸੈਭੰ: ਮਾਦਾ ਪੈਦਾ ਜਾਂ ਨਸ਼ਟ ਨਹੀਂ ਕੀਤਾ ਜਾ ਸਕਦਾ (ਅਜੂਨੀ)। ਇਸ ਲਈ, ਉਹ ਆਪਣਾ ਮੂਲ ਆਪ ਹੀ ਹੈ (ਸੈਭੰ)।

ਗੁਰ ਪ੍ਰਸਾਦਿ: ਮਾਦੇ ਤੇ ਇਹਦੇ ਸਿਧਾਂਤਾਂ ਨੂੰ ਗੁਰੂ, ਯਾਣਿ ਅਧਿਆਪਕ, ਦੀ ਮੱਦਦ ਨਾਲ ਸਮਝਿਆ ਜਾ ਸਕਦਾ ਹੈ।

ਉੱਪਰ ਮੈਂ ਦਿਖਾਇਆ ਹੈ ਕਿ ਗੁਰਬਾਣੀ ਦਾ ਮੂਲ ਮੰਤਰ ਤੇ ਮਾਦਾ ਦੀ ਅਵਿਨਾਸ਼ਤਾ ਦਾ ਸਿਧਾਂਤ ਅਰਥਾਂ ਤੋਂ ਇੱਕ ਦੂਜੇ ਦੇ ਐਨ ਫਿੱਟ ਬਹਿੰਦੇ ਨੇ; ਨਾ ਕੋਈ ਘੱਟ ਤੇ ਨਾ ਕੋਈ ਵੱਧ। ਹੋਰਨਾਂ ਕਈ ਧਾਰਮਿਕ ਫ਼ਲਸਫ਼ਿਆਂ ਵਿੱਚ ਵੀ ਇਲਾਹੀ ਸ਼ਕਤੀ ਦੇ ਮੂਲ ਮੰਤਰ ਵਿੱਚ ਉੱਚਰੇ ਬਾਹਲੇ ਗੁਣਾਂ ਦਾ ਜ਼ਿਕਰ ਮਿਲ ਜਾਂਦਾ ਹੈ, ਪਰ ਅਕਸਰ ਖਿੱਲਰੇ ਰੂਪ ਵਿੱਚ। ਇਹ ਗ਼ਜ਼ਬ ਦੀ ਗੱਲ ਕਿ ਅਧਿਆਤਮਵਾਦੀ ਫ਼ਲਸਫ਼ੇ ਦੀ ਕਿਸੇ ਕਿਤਾਬ 'ਚੋਂ ਇਬਾਰਤ ਦਾ ਕੋਈ ਸਾਬਤਾ ਟੋਟਾ ਵਿਗਿਆਨ ਦੇ ਇੰਨੇ ਮੂਲ ਸਿਧਾਂਤ ਦੇ ਐਨ ਸੂਤ ਬਹਿੰਦਾ ਹੋਵੇ। ਮੂਲ ਖ਼ਿਆਲ ਦੋਹਾਂ ਪਿੱਛੇ ਇੱਕ ਹੀ ਹੈ; ਫ਼ਰਕ ਸਿਰਫ਼ ਨਾਂ ਦਾ ਹੈ, ਮੂਲ ਅਰਥਾਂ ਦਾ ਨਹੀਂ।ਮਾਦਾ ਦੀ ਅਵਿਨਾਸ਼ਤਾ ਦਾ ਸਿਧਾਂਤ ਮਾਦੇ ਬਾਰੇ ਹੈ, ਜਦ ਕਿ ਗੁਰਬਾਣੀ ਦਾ ਮੂਲ ਮੰਤਰ ਕਿਸੇ ਅਧਿਆਤਮ ਸ਼ਕਤੀ ਬਾਰੇ ਜਿਹਦਾ ਮੂਲ ਮੰਤਰ ਨਾਂ ਨਹੀਂ ਲੈਂਦਾ, ਬੱਸ ਉਹਦੇ ਗੁਣਾਂ ਦੀ ਹੀ ਗੱਲ ਕਰਦਾ ਹੈ। ਇੱਕ ਫ਼ਰਕ ਹੋਰ ਹੈ ਕਿ ਗੁਰਬਾਣੀ ਦਾ ਮੂਲ ਮੰਤਰ ਇੱਕ ਬਿਆਨ ਜਾਂ ਫ਼ੁਰਮਾਨ ਹੈ ਜਿਸ ਦੇ ਇਲਾਹੀ ਸੱਚ ਨੂੰ ਮੰਨਣ ਲਈ ਕੇਵਲ ਵਿਸ਼ਵਾਸ ਦੀ ਲੋੜ ਹੁੰਦੀ ਹੈ, ਪਰ ਮਾਦਾ ਦੀ ਅਵਿਨਾਸ਼ਤਾ ਦਾ ਸਿਧਾਂਤ ਅਜੇਹਾ ਭੌਤਿਕ ਸੱਚ ਹੈ ਜੋ ਸਦੀਆਂ-ਬੱਧੀ ਵਿਗਿਆਨਕ ਵਿਧੀ ਦੇ ਛਾਨਣੇ ਮੁੜ ਮੁੜ ਛਣ ਚੁਕਿਆਂ ਹੈ। ਵਿਗਿਆਨ ਦੇ ਖ਼ੇਤਰ ਵਿੱਚ ਕੋਈ ਵੀ ਬਿਆਨ ਗਿਆਨ ਪ੍ਰਾਪਤੀ ਦੀ ਵਿਧੀ ਦੇ ਕਈ ਕਦਮਾਂ 'ਚੋਂ ਸਿਰਫ਼ ਇੱਕ ਕਦਮ ਹੈ, ਆਖ਼ਰੀ ਸੱਚ ਨਹੀਂ।



ਡਾ. ਸੁਖਪਾਲ ਸੰਘੇੜਾ
ਪਰੋਫ਼ੈਸਰ ਆਫ ਫਿਜ਼ਿਕਸ ਅਤੇ ਕੰਪਿਊਟਰ ਸਾਇੰਸ
Email: sukhpal.sanghera@gmail.com

ਵਿਗਿਆਨਕ ਵਿਧੀ ਅਜੇਹਾ ਤਰੀਕਾ ਹੈ ਜਿਹਦੇ ਤਹਿਤ ਭੌਤਿਕ ਪ੍ਰਮਾਣ ਦੇ ਆਧਾਰ ਉੱਪਰ ਯੋਜਨਾਬੱਧ ਢੰਗ ਨਾਲ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿਧੀ ਅਧੀਨ ਕਿਸੇ ਵਿਚਾਰ-ਗੋਚਰੇ ਚੀਜ਼, ਵਰਤਾਰੇ, ਜਾਂ ਸਮੱਸਿਆ ਦੀ ਨਜ਼ਰਸਾਨੀ ਜਾਂ ਨਿਰੀਖ਼ਣ ਦੌਰਾਨ ਇਕੱਤਰ ਕੀਤੇ ਤੱਥਾਂ ਤੇ ਗਿਣਤੀਆਂ-ਮਿਣਤੀਆਂ ਨੂੰ ਅੰਕੜੇ ਕਿਹਾ ਜਾਂਦਾ ਹੈ। ਇਨ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਤਰਕਸ਼ੀਲ ਢੰਗਾਂ ਨਾਲ ਨਤੀਜਿਆਂ 'ਤੇ ਪਹੁੰਚਿਆਂ ਜਾਂਦਾ ਹੈ; ਅਤੇ ਇਨ੍ਹਾਂ ਨਤੀਜਿਆਂ ਦੇ ਅਧਾਰ 'ਤੇ ਸਚਾਈ ਦਾ ਅੰਦਾਜ਼ਾ ਲਗਾਇਆਂ ਜਾਂਦਾ, ਬਿਆਨ ਜਾਂ ਬਿਆਨਾਂ ਦੇ ਰੂਪ ਵਿੱਚ, ਜਿਹਨੂੰ ਪਰੀਸਿਧਾਂਤ ਜਾਂ ਪਰੀਨਿਯਮ, ਯਾਣਿ ਕਿ ਹਾਈਪੋਥੇਸਿਜ਼, ਕਿਹਾ ਜਾਂਦਾ ਹੈ। ਹਰ ਪਰੀਸਿਧਾਂਤ ਦਾ ਇੱਕ ਲਾਜ਼ਮੀ ਲੱਛਣ ਹੈ ਕਿ ਉਹ ਚੀਜ਼ਾਂ ਤੇ ਵਰਤਾਰਿਆਂ ਬਾਰੇ ਭਵਿਖ਼ਬਾਣੀਆਂ ਕਰੇ। ਫਿਰ ਇਨ੍ਹਾਂ ਭਵਿਖ਼ਬਾਣੀਆਂ ਨੂੰ ਪ੍ਰਯੋਗ ਜਾਂ ਸਬੂਤ ਦੀ ਕਸੋਟੀ ਚਾੜਿਆ ਜਾਂਦਾ ਹੈ। ਜੇ ਇਨ੍ਹਾਂ ਭਵਿਖ਼ਬਾਣੀਆਂ ਵਿੱਚੋਂ ਇੱਕ ਵੀ ਪ੍ਰਯੋਗ ਦੀ ਕਸੋਟੀ ਪੂਰੀ ਨਾ ਉੱਤਰੇ ਤਾਂ ਇਹ ਭਵਿਖ਼ਬਾਣੀ ਕਰਨ ਵਾਲੇ ਪਰੀਸਿਧਾਂਤ ਨੂੰ ਜਾਂ ਤਾਂ ਸ਼ੱਕ ਦੀ ਨਜ਼ਰੇ ਵੇਖਿਆਂ ਜਾਂਦਾ ਹੈ, ਸੋਧ ਕੇ ਫਿਰ ਪਰਖਿਆਂ ਜਾਂਦਾ ਹੈ, ਤੇ ਜਾਂ ਉਹਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਜਾਂਦਾ ਹੈ, ਅਤੇ ਪ੍ਰਾਪਤ ਅੰਕੜਿਆਂ ਤੇ ਪ੍ਰਯੋਗਾਂ-ਨਤੀਜਿਆਂ 'ਤੇ ਅਧਾਰਿਤ ਨਵਾਂ ਪਰੀਸਿਧਾਂਤ ਬਣਾਇਆਂ ਤੇ ਪ੍ਰਯੋਗ ਜਾਂ ਸਬੂਤ ਦੀ ਕਸੋਟੀ ਚਾੜਿਆ ਜਾਂਦਾ ਹੈ; ਇਹ ਚੱਕਰ ਚੱਕਰ ਚੱਲਦਾ ਰਹਿੰਦਾ ਹੈ। ਜਿਸ ਪਰੀਸਿਧਾਂਤ ਦੀਆਂ ਭਵਿਖ਼ਬਾਣੀਆਂ ਵਾਰ ਵਾਰ ਵਰ੍ਹਿਆਂ-ਬੱਧੀ ਵੱਖ ਵੱਖ ਹਾਲਾਤਾਂ ਅਧੀਨ ਪ੍ਰਯੋਗ ਦੀ ਕਸੋਟੀ ਉੱਪਰ ਪੂਰੀਆਂ ਉੱਤਰਦੀਆਂ ਚਲੀਆਂ ਜਾਣ ਤਾਂ ਉਹ ਪਰੀਸਿਧਾਂਤ ਫਿਰ ਸਿਧਾਂਤ ਬਣ ਜਾਂਦਾ ਹੈ। ਇਸ ਵਿਗਿਆਨਕ ਵਿਧੀ ਜਾਂ ਪਹੁੰਚ ਦੇ ਨਜ਼ਰੀਏ ਤੋਂ ਚੀਜ਼ਾਂ, ਚੀਜ਼ਾਂ ਦੇ ਆਪਸੀ ਸਬੰਧਾਂ, ਵਰਤਾਰਿਆਂ, ਤੇ ਸਮੱਸਿਆਵਾਂ ਬਾਰੇ ਸੋਚਣ ਢੰਗ ਨੂੰ ਹੀ ਵਿਗਿਆਨਕ ਸੋਚਣੀ ਕਿਹਾ ਜਾਂਦਾ ਹੈ।

ਇਸ ਤਰ੍ਹਾਂ, ਵਿਗਿਆਨਕ ਖ਼ੋਜ ਦੇ ਖ਼ੇਤਰ ਵਿੱਚ ਬਿਆਨਾਂ ਨੂੰ ਸਿਧਾਂਤ ਬਣਦੇ ਬਣਦੇ ਲੰਬਾ ਅਰਸਾ ਲੱਗ ਜਾਂਦਾ ਹੈ, ਤੇ ਇਸ ਪ੍ਰਕਿਰਿਆਂ ਦੌਰਾਨ ਨਾ ਜਾਣੇ ਕਿਨੇ ਬਿਆਨਾਂ ਜਾਂ ਪਰੀਸਿਧਾਂਤਾਂ ਨੂੰ ਰੱਦੀ ਦੀ ਟੋਕਰੀ ਨਸੀਬ ਹੁੰਦੀ ਹੈ। ਪਰ, ਸਹਿਜੇ ਸਹਿਜੇ ਪਕਾਏ ਇਨ੍ਹਾਂ ਸਿਧਾਂਤਾ ਵਿੱਚ ਮਨੁੱਖੀ ਸਮਾਜਾਂ ਉੱਪਰ ਜਬਰਦਸਤ ਪ੍ਰਭਾਵ ਪਾਓਣ ਤੇ ਯੁੱਗ ਪ੍ਰੀਵਰਤਨ ਲਿਆਓਣ ਦੀ ਸ਼ਕਤੀ ਹੁੰਦੀ ਹੈ। ਉਦਾਹਰਣ ਵਜੋਂ, ਚੌਦਵੀਂ ਸਦੀ ਤੋਂ ਸਤਾਰ੍ਹਵੀਂ ਸਦੀ ਤੱਕ ਯੂਰਪ ਵਿੱਚ ਚੱਲੀ ਜਾਗਰਿਤੀ ਲਹਿਰ, ਜਾਣਿ ਰੇਨਾਸਾਂਸ, ਪੈਦਾ ਤੇ ਵਿਕਸਿਤ ਵਿੱਚ ਵਿਗਿਆਨ ਨੇ ਸਿੱਧੇ ਤੇ ਅਸਿੱਧੇ ਤੌਰ 'ਤੇ ਮਹੱਤਵ ਪੂਰਨ ਭੂਮਿਕਾ ਨਿਵਾਈ। ਵਿਗਿਆਨ ਦੇ ਖ਼ੋਜੇ ਹੋਏ ਸਿਧਾਂਤਾ ਦੇ ਸਹਾਰੇ ਰੇਨਾਸਾਂਸ ਲਹਿਰ ਨੇ ਮਨੁੱਖੀ ਜ਼ਿੰਦਗੀ ਦੇ ਹਰ ਖ਼ੇਤਰ ਨੂੰ ਪ੍ਰਭਾਵਿਤ ਕਰਦੇ ਹੋਏ ਹੌਲੀ ਹੌਲੀ ਯੂਰਪ ਨੂੰ ਮੱਧਕਾਲੀਨ ਯੁੱਗ ਵਿੱਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਵਿਗਿਆਨ ਦੇ ਖ਼ੋਜੇ 'ਮਾਦਾ ਦੀ ਅਵਿਨਾਸ਼ਤਾ' ਤੇ ਹੋਰ ਸਿਧਾਂਤਾਂ ਦੇ ਉੱਪਰ ਹੀ ਟਿਕੀਆਂ ਹੋਈਆਂ ਨੇ ਆਧੁਨਿਕ ਯੁੱਗ ਦੀਆਂ ਅਣਗਿਣਤ ਤੇ ਕਰੀਬਣ ਸਾਰੀਆਂ ਲੋੜਾਂ ਤੇ ਸਹੂਲਤਾਂ: ਇੰਜਨ ਤੋਂ ਟਿਊਬਵੈੱਲ, ਟਰੱਕKਕਾਰਾਂ, ਤੇ ਹਵਾਈ ਜਹਾਜ਼ਾਂ ਤੱਕ; ਬਿਜਲਈ ਚੁੱਲ੍ਹਿਆਂ, ਫਰਿੱਜਾਂ, ਤੇ ਏਅਰਕੰਡੀਸ਼ਨਰਾਂ ਤੋਂ ਘਰਾਂ, ਸੜਕਾਂ, ਤੇ ਸ਼ਹਿਰਾਂ ਨੂੰ ਜਗਮਗਾਉਂਦੀ ਰੰਗ-ਬਰੰਗੀ ਰੌਸ਼ਨੀ ਤੱਕ; ਰੇਡੀਓ, ਟੀ.ਵੀ., ਤੇ ਕੰਪਿਊਟਰਾਂ ਤੋਂ ਇੰਟਰਨੈੱਟ, ਸ਼ੋਸ਼ਲ ਮੀਡੀਆਂ, ਤੇ ਸਮਾਰਟ ਫ਼ੋਨਾਂ ਤੱਕ; ਅਤੇ ਵੈਕਸੀਨਾਂ ਤੋਂ ਭਿੰਨ ਭਿੰਨ ਬਿਮਾਰੀਆਂ ਦੇ ਇਲਾਜਾਂ ਤੱਕ।

ਸਿੱਟੇ ਵਜੋਂ, ਪਹਿਲਾਂ ਤੱਥ ਹੈ ਕਿ ਸਦੀਆਂ-ਬੱਧੀ ਸਮਾਂ ਤੇ ਵਿਗਿਆਨਕ ਕੋਸ਼ਿਸ਼ਾਂ ਨਾਲ ਸਥਾਪਤ ਹੋਏ ਯੁੱਗ ਪ੍ਰੀਵਰਤਕ ਵਿਗਿਆਨਕ ਸਿਧਾਂਤਾਂ ਵਿੱਚੋਂ ਇੱਕ ਬਹੁਤ ਹੀ ਮੂਲ ਸਿਧਾਂਤ ਨਾਲ ਗੁਰਬਾਣੀ ਦੇ ਮੂਲ ਮੰਤਰ ਦਾ ਅਰਥਾਂ ਵਜੋਂ ਐਨ ਮਿਲ ਜਾਣਾ । ਦੂਸਰਾ ਤੱਥ ਹੈ ਕਿ ਭਾਵੇਂ ਮਾਦਾ ਦੀ ਅਵਿਨਾਸ਼ਤਾ ਦਾ ਖ਼ਿਆਲ ਗਰੀਕ ਫ਼ਿਲਾਸਫ਼ਰ ਥੇਲਜ਼ (624 ਤੋਂ 546 ਈਸਾ ਪੂਰਵ) ਤੱਕ ਜਾਂਦਾ ਹੈ, ਪਰ ਇਸ ਸਿਧਾਂਤ ਦੇ ਮੁਕੰਮਲ ਰੂਪ ਦਾ ਅਹਿਸਾਸ 20ਵੀਂ ਸਦੀ ਵਿੱਚ ਉਦੋਂ ਹੋਇਆਂ ਜਦ ਆਈਨਸਟਾਈਨ ਨੇ ਖ਼ੋਜਿਆ ਕਿ ਮਾਦਾ ਅਤੇ ਊਰਜਾ ਸਮਵਸਤ ਹਨ; ਉਹ ਇੱਕ ਦੂਜੇ ਵਿੱਚ ਵਿੱਚ ਤਬਦੀਲ ਹੋ ਸਕਦੇ ਨੇ। ਪਰ, ਮੂਲ ਮੰਤਰ ਇਸ ਤੋਂ ਕਰੀਬ ਚਾਰ ਸਦੀਆਂ ਪਹਿਲਾਂ ਲਿਖਿਆ ਗਿਆ ਸੀ। ਇਹ ਦੋ ਤੱਥ ਮਿਲ ਕੇ ਬੜਾ ਕੁਝ ਦੱਸਦੇ ਨੇ। ਮੇਰੀ ਜਾਂਚੇ ਸੱਭ ਤੋਂ ਮਹੱਤਵਪੂਰਣ ਗੱਲ ਉਹ ਇਹ ਦੱਸਦੇ ਨੇ ਕਿ ਅਧਿਆਤਮਵਾਦੀ ਫ਼ਲਸਫ਼ੇ ਦੇ ਚੌਖਟੇ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੀ ਸੋਚ ਸਹਿਜ ਹੀ ਵਿਗਿਆਨਕ ਸੁਭਾਅ ਵਾਲੀ ਪਹੁੰਚ ਭੂਤਮੁਖੀ ਨਾ ਹੋ ਕੇ ਭਵਿੱਖਮੁਖੀ ਸੀ। ਉਨ੍ਹਾਂ ਦੀ ਬਾਣੀ ਵਿੱਚ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜ਼ਾ, ਜ਼ੁਲਮ ਦਾ ਵਿਰੋਧ, ਕਿਰਤ ਤੇ ਹੱਕ ਸੱਚ ਦਾ ਸਾਥ, ਤੇ ਹੋਰ ਮਾਨਵਵਾਦੀ ਮੁੱਲ ਵੀ ਉਨ੍ਹਾਂ ਦੀ ਪਹੁਚ ਦੇ ਭਵਿੱਖਮੁਖੀ ਹੋਣ ਵੱਲ ਸਪਸ਼ਟ ਇਸ਼ਾਰਾ ਕਰਦੇ ਹਨ। ਸੋ, ਮੌਜੂਦਾ ਪੰਜਾਬੀ ਚਿੰਤਕ ਨਾਨਕ-ਬਾਣੀ ਤੋਂ ਜੋ ਸਬਕ ਸਿੱਖ ਸਕਦੇ ਹਨ ਉਨ੍ਹਾਂ ਵਿੱਚੋਂ ਸੱਭ ਤੋਂ ਮਹੱਤਵਪੂਰਣ ਹੋਏਗਾ: ਆਧੁਨਿਕ ਸਮਾਜ ਵਿੱਚ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਲੱਭਣ ਲਈ ਇਤਿਹਾਸਕ ਸ਼ਖ਼ਸੀਅਤਾਂ ਤੋਂ ਸੇਧਾਂ ਭਾਲਣ ਦੀਆਂ ਕੋਸ਼ਿਸ਼ਾਂ ਕਰਨ ਦੀ ਭੂਤੀਮੁੱਖੀ ਪਹੁੰਚ ਅਪਣਾਉਂਣ ਦੇ ਬਜਾਏ ਅੱਜ ਦੇ ਹਾਲਾਤਾਂ 'ਤੇ ਆਧਾਰਿਤ ਭਵਿੱਖ-ਮੁੱਖੀ ਵਿਗਿਆਨਕ ਪਹੁੰਚ ਅਪਣਾਉਂਣ। ਬੇਸ਼ਕ, ਅਸੀਂ ਸਣੇ ਇਤਿਹਾਸਕ ਸ਼ਖ਼ਸੀਅਤਾਂ ਦੇ ਅਤੀਤ ਕੋਲੋਂ ਉਸ ਸਮੇਂ ਦੇ ਸੰਦਰਭ ਵਿੱਚ ਸਿੱਖ ਜ਼ਰੂਰ ਸਕਦੇ ਹਾਂ।

## ਬੜਾ ਸੌਖਾ ਹੈ ਧੰਨ ਗੁਰੂ ਨਾਨਕ ਕਹਿਣਾ

ਬੜਾ ਸੌਖਾ ਹੈ ਨਾਨਕ ਦਾ ਨਾਂ ਲੈਣਾ
ਪਰ!
ਬੜਾ ਔਖਾ ਹੈ ਨਾਨਕ ਦੇ ਰਾਹ ਤੇ ਚੱਲਣਾ
ਐਸ਼- ਇਸ਼ਰਤਾਂ ਤਿਆਗ ਕੇ
ਰਸਤਾ ਫ਼ਕੀਰੀਆਂ ਦਾ ਮੱਲਣਾ
ਬੜਾ ਸੌਖਾ ਹੈ ਭਗਵਾਂ ਚੋਲ਼ਾ ਪਾ ਲੈਣਾ
ਤੇ ਗਿਆਨ ਵਿਹੂਣੇ ਲੋਕਾਂ ਤੋਂ
ਪੈਰੀਂ ਹੱਥ ਲਵਾ ਲੈਣਾ
ਬੜਾ ਸੌਖਾ ਹੈ ਏ ਸੀ ਕਮਰਿਆਂ ਵਿਚ ਬਹਿ ਕੇ ਖਾ ਲੈਣਾ
ਪਰ! ਬੜਾ ਔਖਾ ਹੈ ਜੇਠ-ਹਾੜ੍ਹ ਦੀਆਂ ਧੁੱਪਾਂ ਨੂੰ ਆਪਣੇ ਪਿੰਡੇ ਤੇ ਝੱਲਣਾ
ਬੜਾ ਔਖਾ ਹੈ ਨਾਨਕ ਦੇ ਰਾਹ ਤੇ ਚੱਲਣਾ
ਬੜਾ ਸੌਖਾ ਹੈ ਬਾਬੇ ਨਾਨਕ ਦੀ ਬਾਣੀ ਨੂੰ ਪੜ੍ਹਨਾ
ਬਹੁਤ ਸੌਖਾ ਹੈ ਗੋਲਕਾਂ ਦੇ ਪਿੱਛੇ ਲੜਨਾ
ਪਰ! ਬੜਾ ਔਖਾ ਹੈ ਉਹਦੇ ਬਚਨਾਂ ਤੇ ਖੜ੍ਹਨਾ
ਬੜਾ ਔਖਾ ਹੈ ਏਸ ਦੇਹੀ ਦੇ ਚੋਰ ਨੂੰ ਫੜਨਾ
ਮਨ ਨੂੰ ਬਣਾ ਕੇ ਫੌਜੀ ਚੱਤੋ ਪਹਿਰ ਕਾਮ ਕ੍ਰੋਧ ਲੋਭ ਮੋਹ ਹੰਕਾਰ ਨਾਲ ਲੜਨਾ
ਦੁੱਧ ਚੁੰਘਦੇ ਬਾਲਾਂ ਨੂੰ ਛੱਡ ਕੇ ਉਦਾਸੀਆਂ ਤੇ ਚੜ੍ਹਨਾ
ਬੜਾ ਔਖਾ ਹੈ ਉਹਦੇ ਬਚਨਾਂ ਤੇ ਖੜ੍ਹਨਾ
ਬੜਾ ਸੌਖਾ ਹੈ ਹਕੂਮਤ ਦਾ ਜਬਰ ਤੇ ਜੁਲਮ ਸਹਿਣਾ
ਦੁਨੀਆਂਦਾਰੀ ਤੋਂ ਭੱਜ ਕੇ ਜੰਗਲਾਂ ਵਿੱਚ ਜਾ ਬਹਿਣਾ
ਬੜਾ ਸੌਖਾ ਹੈ ਆਪਣੇ ਸੌੜੇ ਹਿੱਤਾਂ ਲਈ ਨਾਨਕ ਦਾ ਨਾਂ ਵਰਤ ਲੈਣਾ
ਪਰ! ਬੜਾ ਔਖਾ ਹੈ ਪਾਪ ਦੀ ਜੰਞ ਮੂਹਰੇ ਛਾਤੀ ਡਾਹ ਬਹਿਣਾ
ਦੁਨੀਆਂ ਵਿੱਚ ਵਿਚਰਦੇ ਹੋਏ ਵੀ ਨਿਰਲੇਪ ਰਹਿਣਾ
ਬੜਾ ਔਖਾ ਹੈ ਸਮੇਂ ਦੇ ਬਾਬਰ ਨੂੰ ਜਾਬਰ ਕਹਿਣਾ
ਬਸ ਇਕ ਸੌਖਾ ਹੈ ਨਾਨਕ ਦਾ ਨਾਂ ਲੈਣਾ
ਬਸ ਇਕ ਸੌਖਾ ਹੈ ਧੰਨ ਗੁਰੂ ਨਾਨਕ ਕਹਿਣਾ



– ਅਵਤਾਰ ਸਿੰਘ ਸਨੌਰ
ਜਵਾਹਰ ਨਵੋਦਿਆ ਵਿਦਿਆਲਿਆ
ਤਲਵੰਡੀ ਮਾਧੋ ਜ਼ਿਲ੍ਹਾ ਜਲੰਧਰ

## ਇਮਰਾਨ-ਸਿੱਧੂ

ਯਾਰੀ ਯਾਰਾਂ ਨੇ ਪਰਖ ਲਈ ਨਾ ਗੱਲ ਕਿਸੇ ਤੋਂ ਗੁੱਝੀ
ਇਕ ਬਾਤ ਪਾਈ ਫਿਰ ਸਿੱਧੂ ਨੇ ਇਮਰਾਨ ਖਾਨ ਨੇ ਬੁੱਝੀ
ਜੋੜੀਆਂ ਹੈ ਜੱਗ ਥੋੜ੍ਹੀਆਂ ਤੁਹਾਡੀਆਂ ਕੌਣ ਕਰੂਗਾ ਰੀਸਾਂ
ਜਿਉਂਦੇ ਰਹੋ ਇਮਰਾਨ ਸਿੱਧੂ ਸਾਰਾ ਜੱਗ ਪਿਆ ਦੇਵੇ ਅਸੀਸਾਂ।

ਕਈ ਆਏ ਕਈ ਤੁਰ ਗਏ ਤੇ ਫਿਰ ਗੱਲ ਕੀਹਦੇ ਕੋਲੋਂ ਕਰੀਏ
ਬਾਬਾ ਨਾਨਕ ਸਭ ਦਾ ਸਾਂਝਾ ਜਾ ਕੇ ਚਰਨਾਂ ਵਿਚ ਸਿਰ ਧਰੀਏ
ਜਦੋਂ ਦੂਰਬੀਨਾਂ ਲਾ ਦਰਸ਼ਨ ਕੀਤੇ ਨਿਕਲਣ ਸਭ ਦੀਆਂ ਚੀਕਾਂ
ਤੁਸੀਂ ਜਿਉਂਦੇ ਰਹੋ ਇਮਰਾਨ ਸਿੱਧੂ ਸਾਰਾ ਜੱਗ ...

ਚੱਕ ਦੇਣੀ ਲਕੀਰ 'ਬਾਘੇ' ਦੀ ਬੱਸ ਨੇੜੇ ਹੀ ਨਨਕਾਣਾ
ਪਾਸਪੋਰਟ ਨੂੰ ਦਫਾ ਕਰੋ ਹਰ ਕੋਈ ਕਹਿੰਦਾ ਨਿਆਣਾ ਸਿਆਣਾ
ਗਲਤ ਕੰਮ ਨਾ ਕਰਿਉ ਨਹੀਂ ਫਿਰ ਪੈਂਦੀਆਂ ਵੇਖਿਓ ਚੀਸਾਂ
ਤੁਸੀਂ ਜਿਉਂਦੇ ਰਹੋ ਇਮਰਾਨ ਸਿੱਧੂ ਸਾਰਾ ਜੱਗ ...

ਫੀਸ ਪਿੱਛੇ ਕਿਉਂ ਲੜਦੇ ਤੇ ਤੁਸੀਂ ਕੁਝ ਤਾਂ ਸੋਚ ਵਿਚਾਰੋ
ਕੀ ਨਹੀਂ ਕੀਤਾ ਸਾਡੇ ਲਈ ਵੇਖੋ ਧਰਮ ਦੇ ਠੇਕੇਦਾਰੋ
ਦਰਸ਼ਨ ਬਹੁਤ ਜ਼ਰੂਰੀ ਹੈ ਨਹੀਂ ਡਰਦੇ ਭਰਨ ਤੋਂ ਫੀਸਾਂ
ਤੁਸੀਂ ਜਿਉਂਦੇ ਰਹੋ ਇਮਰਾਨ ਸਿੱਧੂ ਸਾਰਾ ਜੱਗ ...

ਧੰਨਵਾਦ ਸਰਕਾਰਾਂ ਦਾ ਵੀ ਜਿਹਨਾਂ ਕਸਰ ਕੋਈ ਨਹੀਂ ਛੱਡੀ
ਰਚ ਦਿੱਤਾ ਇਤਿਹਾਸ ਜੋੜੀ ਨੇ ਗੱਲ ਤਾਂ ਸਭ ਲਈ ਵੱਡੀ
ਤਾਹੀਉਂ 'ਦੇਵ ਘੋਲੀਏ' ਵਾਲਾ ਦੋਹਾਂ ਦੀਆਂ ਥਾਂ-ਥਾਂ ਕਰੇ ਤਾਰੀਫਾਂ
ਤੁਸੀਂ ਜਿਉਂਦੇ ਰਹੋ ਇਮਰਾਨ ਸਿੱਧੂ ਸਾਰਾ ਜੱਗ ਪਿਆ ਦੇਵੇ ਅਸੀਸਾਂ।



– ਦੇਵ ਘੋਲੀਆ ਖੁਰਦ
(ਫਰਿਜ਼ਨੋ)
559-232-7764

## 'ਸਾਖੀਓਂ ਨੂਰ ਝਰੈ' ਬਾਰੇ ਦੋ ਸ਼ਬਦ

'ਗੁਰੂ ਨਾਨਕ ਨੇ 'ਧੰਨ ਲਿਖਾਰੀ' ਉਸ ਨੂੰ ਕਿਹਾ ਹੈ ਜੋ ਤਨ ਕਾਗ਼ਜ਼, ਮਨ ਦਵਾਤ, ਜੀਭ ਕਲਮ ਬਣਾਅ ਕੇ, ਸੱਚ ਹਿਰਦੇ 'ਚ ਟਿਕਾਅ ਕੇ ਲਿਖਦਾ ਹੈ। ਇਸ ਅਵਸਥਾ 'ਚ ਕੀਤੀ ਹਰ ਰਚਨਾ ਅ-ਕਾਲ਼ਖ ਸੱਚ ਦੀ ਗਵਾਹੀ ਹੈ। ਸੱਚ-ਸਾਖੀ ਹੈ। ਸੈਲੀਬ੍ਰੇਸ਼ਨ ਹੈ।

ਧਰਤੀ, ਸੂਰਜ, ਚੰਦ, ਵਨਸਪਤੀ, ਕੁਦਰਤ ਸਭ ਕੁਝ ਜੋ ਦਿਸ ਰਿਹਾ ਹੈ ਉਹ ਸਭ ਐਸੀ ਹੀ ਵਿਸਮਾਦੀ ਅਵਸਥਾ ਦੇ ਲਿਖੇ ਅੱਖਰ ਹਨ। ਇਹੀ ਅੱਖਰ ਸੂਰਜ ਦੀ ਰੌਸ਼ਨੀ 'ਚ 'ਕਉਲ ਫੁੱਲ' ਤੇ ਚੰਨ ਦੀ ਚਾਨਣੀ 'ਚ 'ਕਵੀਆ ਕਲੀ' ਹਨ। ਇਹਨਾਂ ਅੱਖਰਾਂ ਦੇ ਸ਼ਬਦਾਂ ਨਾ਼ਲ ਜੁੜੀ ਸਾਖੀ ਹੀ 'ਸੱਚ ਸਾਖੀ' ਹੈ।

ਸੁਮੇਰ 'ਤੇ ਸਿੱਧਾਂ ਨਾ਼ਲ ਗੋਸ਼ਟ ਦੌਰਾਨ ਗੁਰੂ ਨਾਨਕ ਇਕ-ਰਸ ਵਰਤ ਰਹੀ ਇਹੋ 'ਸੱਚੀ ਸਾਖੀ' ਪੜ੍ਹਨ, ਗੁੜ੍ਹਨ ਅਤੇ ਅਮਲ 'ਚ ਲਿਆ ਕੇ ਹਰ ਕੂੜ-ਭਟਕਣਾਂ ਤੋਂ ਮੁਕਤ ਹੋਣ ਦਾ ਰਾਹ ਦੱਸਦਾ ਹੈ:

ਕਿਆ ਭਵੀਐ ਸਚਿ ਸੂਚਾ ਹੋਇ।। ਸਾਚ ਸਬਦ ਬਿਨੁ ਮੁਕਤਿ ਨਾ ਕੋਇ।।

ਗੁਰੂ ਨਾਨਕ ਦਾ ਪੰਡਿਤ ਕਿਸਮ ਦੇ ਲੋਕਾਂ ਪ੍ਰਤੀ ਖ਼ਾਸ ਕਰ ਕੇ ਤੇ ਆਮ ਲੋਕਾਂ ਪ੍ਰਤੀ ਵੀ ਮੂਲ ਸੰਦੇਹ ਇਹੀ ਹੈ ਕਿ ਅਸੀਂ ਪੜ੍ਹ ਕੇ ਗੁੜ੍ਹਦੇ ਨਹੀਂ। ਗੁੜ੍ਹੇ ਬਿਨਾਂ ਪੜ੍ਹਨਾ 'ਫੋਕਾ ਕਰਮ-ਕਾਂਡ' ਹੈ। ਗੁਰੂ ਨਾਨਕ ਇਸੇ ਗੁੜ੍ਹੇ 'ਚੋਂ 'ਅਮਲ' ਕੱਢਦਾ ਹੈ। ਫਿਰ ਉਹਨਾਂ ਨੂੰ 'ਸ਼ੁੱਭ' ਕਰਨ ਲਈ ਸੱਦ ਲਾਉਂਦਾ ਹੈ ਤੇ ਗੱਲ 'ਸੁਭਿ ਅਮਲਾ ਬਾਝਹੁ ਦੋਨੋ ਰੋਈ' ਤੀਕ ਲੈ ਜਾਂਦਾ ਹੈ।




ਗੁਰੂ ਨਾਨਕ ਲਈ 'ਚਿੰਤਨ' ਬੇਅਰਥ ਹੈ ਜੇ ਉਹ 'ਸ਼ੁੱਭ' ਨਹੀਂ। ਗੁਰੂ ਨਾਨਕ 'ਸ਼ੁੱਭ-ਚਿੰਤਨ' ਦਾ ਸ਼ੈਦਾਈ ਹੈ। 'ਸੱਚ-ਸਾਖੀ' ਸ਼ੁੱਭ-ਚਿੰਤਨ ਦਾ ਮੂਲ ਹੈ। ਗੁਰੂ ਨਾਨਕ ਦੇ ਸਮੁੱਚੇ ਜੀਵਨ ਤੇ ਫ਼ਲਸਫ਼ੇ ਦੀ ਮੂਲ ਊਰਜਾ 'ਸ਼ੁੱਭ-ਚਿੰਤਨੀ ਧੁਨ' ਹੈ ਜੋ ਉਸ ਦੀ ਸੁਰਤ 'ਚ ਵੱਜਦੀ ਹੈ। ਗੁਰੂ ਨਾਨਕ ਨੇ ਇਸੇ ਨੂੰ ਅਪਣਾ ਗੁਰੂ ਦੱਸਿਆ ਹੈ।

ਸੁਰਿੰਦਰ ਸੋਹਲ, ਇਸ ਪੁਸਤਕ ਦੀਆਂ ਕਵਿਤਾਵਾਂ 'ਚ ਗੁਰੂ ਨਾਨਕ ਨਾ਼ਲ ਜੁੜੀਆਂ ਸਾਖੀਆਂ ਵਿੱਚੋਂ ਸੱਚ-ਸੂਰਜ ਦੇ ਰੱਥ 'ਤੇ ਚੜ੍ਹ ਕੇ ਲੰਘਿਆ ਹੈ।

ਜਿਵੇਂ ਸੂਰਜ ਦੇ ਰੱਥ 'ਤੇ ਚੜ੍ਹਿਆਂ ਪਰਛਾਵਾਂ ਮਿਟ ਜਾਂਦਾ ਹੈ, ਉਵੇਂ ਹੀ ਇਹ ਕਵਿਤਾਵਾਂ ਗੁਰੂ ਨਾਨਕ ਨਾ਼ਲ ਜੁੜੀਆਂ ਸਾਖੀਆਂ ਵਿਚਲੇ ਪਰਛਾਵੇਂ ਰਹਿਤ ਸ਼ੁੱਧ-ਨੂਰ ਦੇ ਰੂ-ਬ-ਰੂ ਕਰਦੀਆਂ ਹਨ। ਸਾਖੀ ਨੂੰ ਸੱਚ-ਸਾਖੀ ਕਰਦੀਆਂ ਹਨ। ਇਹ ਕਵਿਤਾਵਾਂ 'ਸੱਚ-ਸਾਖੀ' ਤੀਕ ਨੂਰੀ-ਪੁ਼ਲ ਹਨ।

– ਉਂਕਾਰਪ੍ਰੀਤ (ਕੈਨੇਡਾ)

# ਸਕੂਲ ਮੁੱਖੀ ਆਪਣਾ ਸਤਿਕਾਰ ਆਪ ਹੀ ਬਣਾ ਸਕਦੇ ਹਨ



ਮੇਜਰ ਸਿੰਘ ਨਾਭਾ
91-94635-53962

ਸਿੱਖਿਆ ਵਿਭਾਗ ਵਿੱਚ ਸੁਧਾਰਾਂ ਨੂੰ ਲੈ ਕੇ ਪਿਛਲੇ ਸਮੇਂ ਤੋਂ ਨਵੇਂ ਨਵੇਂ ਤਜ਼ਰਬੇ ਕੀਤੇ ਜਾ ਰਹੇ ਹਨ। ਜਦੋਂ ਕਿਸੇ ਵਿਭਾਗ ਦਾ ਮੁੱਖੀ ਇਮਾਨਦਾਰ ਕੁਸ਼ਲ ਪ੍ਰਬੰਧਕ ਆ ਜਾਵੇ ਤਾਂ ਬਹੁਤ ਸਾਰੇ ਮਸਲੇ ਆਪਣੇ ਆਪ ਹੱਲ ਹੋ ਜਾਂਦੇ ਹਨ।ਸਕੂਲ ਪੱਧਰ ਦੀ ਗੱਲ ਕਰੀਏ ਤਾਂ ਸਕੂਲ ਮੁੱਖੀ ਦੀਆਂ ਜ਼ਿੰਮੇਵਾਰੀਆਂ ਵੀ ਘੱਟ ਨਹੀਂ। ਸਕੂਲ ਦੇ ਸਾਰੇ ਸਟਾਫ ਨੂੰ ਜਿਹੜਾ ਸਕੂਲ ਮੁੱਖੀ ਆਪਣੇ ਨਾਲ ਲੈ ਕੇ ਚਲਦਾ ਹੈ, ਉਹ ਸਕੂਲ ਦੇ ਸਟਾਫ ਨੂੰ ਵਧੀਆ ਮਾਹੌਲ ਦੇ ਸਕਦਾ ਹੈ। ਬਹੁਤੇ ਸਕੂਲ ਮੁੱਖੀ ਸਾਰੇ ਸਟਾਫ ਨੂੰ ਹਰ ਪੱਖੋਂ ਸੰਤੁਸ਼ਟ ਕਰਨ 'ਚ ਅਸਫਲ ਰਹਿੰਦੇ ਹਨ ਜਿਸ ਨਾਲ ਸਕੂਲ ਦੇ ਪ੍ਰਬੰਧ ਨੂੰ ਸਹੀ ਢੰਗ ਨਾਲ ਚਲਾਉਣਾ ਮੁਸ਼ਕਲ ਹੋ ਜਾਂਦਾ ਹੈ। ਕਈ ਸਕੂਲ ਮੁੱਖੀ ਅਧਿਆਪਕਾਂ ਨਾਲ ਬੋਲ ਕਬੋਲ ਬੋਲਦੇ ਇਥੋਂ ਤੱਕ ਕਿ ਹੱਥੋਪਾਈ ਹੁੰਦੇ ਵੀ ਚਰਚਾ 'ਚ ਆਏ ਹਨ। ਸਕੂਲ ਮੁੱਖੀ ਨੂੰ ਇਸ ਹੱਦ ਤੱਕ ਜਾਣਾ ਸ਼ੋਭਦਾ ਨਹੀਂ। ਕਈ ਸਕੂ਼ਲ ਮੁੱਖੀ ਨਵੇਂ ਸਕੂ਼ਲ 'ਚ ਆਉਂਦੇ ਹੀ ਸਟਾਫ ਵਿੱਚ ਆਪਸੀ ਖਿੱਚੋਤਾਣ ਪੈਦਾ ਕਰਕੇ ਗਰੁੱਪ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਨਾਲ ਸਕੂ਼ਲ ਦਾ ਮਾਹੌ਼ਲ ਆਸੁਖਾਵਾਂ ਹੋ ਜਾਂਦਾ ਹੈ। ਅਕੁਸ਼ਲ ਪ੍ਰਬੰਧਕ ਸਕੂਲ ਮੁੱਖੀ ਹਮੇਸ਼ਾਂ ਕੁਰਸੀ ਤੇ ਬੈਠ ਕੇ ਆਂਪਣੇ ਕੁਝ ਨਜਦੀਕੀ ਅਧਿਆਪਕਾਂ ਨਾਲ ਕੋਈ ਨਾ ਕੋਈ ਘੁੰਣਤਰ ਕੱਢਦੇ ਰਹਿੰਦੇ ਨੇ, ਜਿਸ ਨਾਲ ਕਿਸੇ ਵਿਸ਼ੇਸ਼ ਅਧਿਆਪਕ ਨੂੰ ਕਿਸੇ ਤਰ੍ਹਾਂ ਵੀ ਪ੍ਰੇਸ਼ਾਨ ਕੀਤਾ ਜਾ ਸਕੇ। ਜਿਹੜੇ ਸਕੂਲ ਮੁੱਖੀ ਸਵੇਰ ਦੀ ਸਭਾ 'ਚ ਨਹੀਂ ਜਾਂਦੇ ਅਸਲ 'ਚ ਉਹ ਇਸ ਕੁਰਸੀ ਦੇ ਬੈਠਣ ਦੇ ਯੋਗ ਹੀ ਨਹੀਂ ਹੁੰਦੇ। ਸਵੇਰ ਦੀ ਸਾਰੇ ਕੰਮ ਛੱਡ ਕੇ ਸਵੇਰੇ ਬੱਚਿਆਂ ਨਾਲ ਕੁਝ ਨਾ ਕੁਝ ਸਾਂਝਾ ਕਰਨਾ ਸਕੂਲ ਮੁੱਖੀ ਲਈ ਮਹੱਤਵਪੂਰਨ ਹੈ। ਸਮਾਜ ਦੇ ਅੰਦਰ ਅਨੇਕਾਂ ਅਣਛੋਹੇ ਵਿਸ਼ੇ ਹਨ ਜੋ ਕਿ ਕਿਤਾਬੀ ਗਿਆਨ ਦੇ ਦਾਇਰੇ ਤੋਂ ਬਾਹਰ ਹਨ, ਪਰ ਬੱਚਿਆਂ ਲਈ ਬਹੁਤ ਲਾਹੇਵੰਦ ਹੁੰਦੇ ਹਨ,ਜਿਨ੍ਹਾਂ ਦਾ ਸਕੂਲ ਮੁੱਖੀ ਵਲੋਂ ਸਕੂਲੀ ਬੱਚਿਆਂ ਸਾਹਮਣੇ ਜ਼ਿਕਰ ਕਰਨਾ ਸਮੇਂ ਦੀ ਮੁੱਖ ਲੋੜ ਹੈ। ਕਈ ਸਕੂਲ ਮੁੱਖੀ ਉਂਝ ਤਾਂ ਸਵੇਰ ਦੀ ਸਭਾ 'ਚ ਆਉਂਦੇ ਨਹੀਂ ਪਰ ਜੇਕਰ ਆ ਜਾਂਦੇ ਨੇ ਤਾਂ ਉਨ੍ਹਾਂ ਬੱਚਿਆਂ ਸਾਹਮਣੇ ਬੋਲਦੇ ਹੋਏ ਸ਼ਬਦਾਵਲੀ ਬੋਲਣ ਦੀ ਸੋਝੀ ਨਹੀਂ ਹੁੰਦੀ। ਕਈ ਵਾਰੀ ਬੱਚਿਆਂ ਸਾਹਮਣੇ ਅਧਿਆਪਕਾਂ ਦੀ ਗੱ਼ਲਾਂ ਗੱਲਾਂ 'ਚ ਬੇਇਜ਼ਤੀ ਕਰ ਦਿੰਦੇ ਹਨ, ਕੋਈ ਅਨੁਸ਼ਾਸ਼ਨ ਦੀ ਗੱਲ ਹੋਵੇ ਅਧਿਆਪਕਾਂ ਨੂੰ ਸੁਣਾ ਦੇਣਾ।ਪਰ ਸਕੂਲ ਮੁੱਖੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਰੇ ਸਕੂ਼ਲ ਦੇ ਅਨੁਸ਼ਾਸ਼ਨ ਲਈ ਉਹ ਹੀ ਜ਼ਿੰਮੇਵਾਰ ਹੈ, ਅਧਿਆਪਕਾਂ ਦਾ ਵੱਧ ਤੋਂ ਵੱਧ ਸਹਿਯੋਗ ਲੈਣਾ ਉਸ ਦੀ ਕਾਬਲੀਅਤ ਤੇ ਨਿਰਭਰ ਕਰਦਾ ਹੈ।

ਕਈ ਸਕੂਲ ਮੁੱਖੀ ਬਹੁਤ ਸਿਆਣਪ ਨਾਲ ਸਾਰੇ ਸਟਾਫ ਨੂੰ ਨਾਲ ਲੈ ਕੇ ਸਕੂਲ ਦੀ ਬਿਹਤਰੀ ਲਈ ਸਾਰੇ ਕੰਮ ਸਮੇਂ ਸਿਰ ਕਰਦੇ ਹਨ। ਕੰਮ ਕਰਾਉਣ ਲਈ ਆਪ ਪਹਿਲਾਂ ਸ਼ੁਰੂਆਤ ਕਰਨੀ ਪੈਂਦੀ ਹੈ। ਕੁਰਸੀ ਦਾ ਰੋਹਬ ਹਰ ਥਾਂ ਨਹੀਂ ਚਲਦਾ। ਕੁਰਸੀ ਦਾ ਸਤਿਕਾਰ ਕਰਾਉਣਾ ਵੀ ਆਪਣੇ ਹੱਥ ਹੁੰਦਾ ਹੈ। ਕਈ ਸਕੂਲ ਮੁੱਖੀ ਪਿੰਡ ਵਾਲਿਆਂ ਨਾਲ ਕੋਈ ਨਾ ਕੋਈ ਮਸਲੇ 'ਚ ਆਮ ਤੌਰ ਤੇ ਆਪਣੀ ਬੋਲਚਾਲ ਕਾਰਨ ਹੀ ਉਲਝੇ ਰਹਿੰਦੇ ਹਨ। ਵਿਗੜਦੇ ਹਾਲਾਤਾਂ ਨੂੰ ਕਾਬੂ ਕਰ ਲੈਣਾ ਹੀ ਇੱਕ ਸਿਆਣੇ ਸਕੂਲ ਮੁੱਖੀ ਲਈ ਅਕਲਮੰਦੀ ਦਾ ਸਬੂਤ ਹੁੰਦਾ ਹੈ।ਕਈ ਸਕੂਲ ਮੁੱਖੀ ਚਰਿੱਤਰ ਪੱਖੋਂ ਗਿਰੇ ਹੁੰਦੇ ਹਨ, ਇਹੋ ਜਿਹੇ ਕੇਸ ਕਈ ਵਾਰੀ ਮੇਲ ਅਤੇ ਫੀਮੇਲ ਸਕੂਲ ਮੁੱਖੀਆਂ ਦੇ ਸ਼ੋਸ਼ਲ ਮੀਡੀਆ ਤੇ ਵਾਇਰਲ ਹੋ ਚੁੱਕੇ ਹਨ ਜੋ ਕਿ ਬੜੇ ਹੀ ਸ਼ਰਮ ਦੀ ਗੱਲ ਹੈ। ਮੇਰੇ ਦੋਸਤ ਦਾ ਸਕੂਲ ਮੁੱਖੀ ਮਿਡ ਡੇ ਮੀਲ 'ਚੋਂ ਆਪਣੇ ਖਰਚੇ ਲਈ ਗੁਪਤ ਤੌਰ ਤ ਉਸ ਤੋਂ ਦੋ ਹਜ਼ਾਰ ਲੈਣ ਲੱਗ ਪਿਆ ਕਿ ਉਸ ਨੂੰ ਬਾਹਰਲੇ ਖਰਚੇ ਕਰਨੇ ਪੈਂਦੇ ਹਨ ।ਪਹਿਲਾਂ ਮਿਡ ਡੇ ਮੀਲ 'ਚੋਂ ਬਚਦੇ ਪੈਸੇ ਸਕੂਲ ਦੇ ਕੰਮਾਂ ਤੇ ਖਰਚ ਦਿੱਤੇ ਜਾਦੇ ਸੀ। ਊਹੀ ਪ੍ਰਿੰਸੀਪਲ ਬਾਅਦ 'ਚ ਡੀ.ਈ.ਓ. ਲੱਗ ਗਿਆ ਉਥੇ ਦਫਤਰ 'ਚ ਉਹ ਕਿਹੋ ਜਿਹੇ ਕੰਮ ਕਰੇਗਾ ਆਪ ਹੀ ਅੰਦਾਜ਼ਾ ਲਾ ਲਓ। ਅਕਸਰ ਆਈਆਂ ਗਰਾਂਟਾਂ 'ਚੋਂ ਕਈ ਮਾੜੀ ਸੋਚ ਵਾਲੇ ਸਕੂਲ ਮੁੱਖੀ ਪੈਸੇ ਖਾਣ ਦੇ ਚੱਕਰਾਂ ਕਾਰਨ ਇਨਕੁਆਰੀਆਂ 'ਚ ਫਸੇ ਹੋਏ ਹਨ। ਕਈ ਸਕੂਲ ਮੁੱਖੀ ਸਿਰਫ ਤੇ ਸਿਰਫ ਕੁਰਸੀ ਤੇ ਬੈਠ ਕੇ ਡਾਕ ਵਗੈਰਾ ਤੇ ਸ਼ਾਈਨ ਕਰਨ ਤੱਕ ਹੀ ਸੀਮਤ ਰਹਿੰਦੇ ਹਨ। ਕਿਸੇ ਅਧਿਆਪਕ ਦਾ ਜੇਕਰ ਕੋਈ ਬਕਾਇਆ ਕਢਾਉਣਾ ਹੁੰਦਾ ਉਸ ਨੂੰ ਸਕੂਲ ਮੁੱਖੀ ਵਲੋਂ ਸਮੇਂ ਸਿਰ ਨਾ ਕਢਾਉਣਾ ਨਲਾਇਕੀ ਅਤੇ ਅਕੁਸ਼ਲਤਾ ਦਾ ਸਬੂਤ ਤਾਂ ਹੈ ਹੀ,ਸਗੋਂ ਆਪਣੇ ਹੀ ਸਾਥੀ ਦਾ ਵਿੱਤੀ ਨੁਕਸਾਨ ਕਰਨ ਲਈ ਵੀ ਜ਼ਿੰਮੇਵਾਰ ਹੋਵੇਗਾ। ਕਈ ਤਾਂ ਸਕੂਲ ਦਾ ਦਿਨ ਵਿੱਚ ਇੱਕ ਗੇੜਾ ਵੀ ਨਹੀਂ ਲਾਉਂਦੇ। ਇਸੇ ਤਰ੍ਹਾਂ ਕਈ ਸਕੂਲ ਮੁੱਖੀ ਆਪਣੀਆਂ ਮਿਲੀਆਂ ਸ਼ਕਤੀਆਂ ਨਾਲ ਵੀ ਕਿਸੇ ਦਾ ਭਲਾ ਨਹੀਂ ਕਰ ਸਕਦੇ। ਅਧਿਆਪਕਾਂ ਦੇ ਏ.ਸੀ.ਪੀ. ਕੇਸ, ਪਰਖ ਸਮਾਂ, ਕਨਫਰਮੇਸ਼ਨ ਕੇਸ ਆਦਿ ਸਕੂਲ ਪੱਧਰ ਤੇ ਨਿਪਟਾਰਾ ਕਰਨ ਲਈ ਸਕੂਲ ਮੁੱਖੀਆਂ ਨੂੰ ਸ਼ਕਤੀਆਂ ਦੇ ਦਿੱਤੀਆਂ ਗਈਆਂ ਹਨ ਪਰ ਕਈ ਕਲਰਕ ਅਤੇ ਸਕੂਲ ਮੁੱਖੀ ਇਹੋ ਜਿਹੇ ਕੇਸਾਂ ਨੂੰ ਕਰ ਕੇ ਰਾਜ਼ੀ ਹੀ ਨਹੀਂ, ਜਾਣਬੁਝ ਕੇ ਲਟਕਾਬਾਜ਼ੀ ਤਾਂ ਕਰਦੇ ਹੀ ਹਨ ਸਗੋਂ ਲਾਰੇ ਵੀ ਲਾਉਂਦੇ ਹਨ। ਇਸ ਤਰ੍ਹਾਂ ਇਨ੍ਹਾਂ ਦਾ ਕੁਝ ਸੰਭਰਦਾ ਨਹੀਂ ਪਰ ਸਬੰਧਤਾਂ ਦਾ ਜਰੂਰ ਨੁਕਸਾਨ ਹੁੰਦਾ ਹੈ। ਇਨ੍ਹਾਂ ਘਟੀਆ ਸੋਚ ਵਾਲੇ ਲੋਕਾਂ ਤੋਂ ਮੁਫਤ ਦੀ ਸਾਬਾਸ਼ ਨਹੀਂ ਲੈ ਹੁੰਦੀ ।

ਕਈ ਸਕੂਲ ਮੁੱਖੀ ਆਮ ਤੌਰ ਤੇ ਉਪਰੋਂ ਆਈਆਂ ਹਦਾਇਤਾਂ ਨੂੰ ਬਹੁਤਾ ਗੌਲਦੇ ਨਹੀਂ। ਇਸ ਕਰਕੇ ਹੀ ਸਮੇਂ ਸਿਰ ਕੰਮ ਨਿਪਟਾਉਣ 'ਚ ਦੇਰੀ ਹੁੰਦੀ ਹੈ। ਕਿਸੇ ਵੀ ਸੇਵਾ ਮੁਕਤ ਹੋਣ ਵਾਲੇ ਕਰਮਚਾਰੀ ਦੇ ਸਾਰੇ ਕੰਮ ਇੱਕ ਕੁਸ਼ਲ ਸਕੂਲ ਮੁੱਖੀ ਸਮੇਂ ਸਿਰ ਪਹਿਲ ਦੇ ਆਧਾਰ ਤੇ ਆਪਣੀ ਜ਼ਿੰਮੇਵਾਰੀ ਸਮਝ ਕੇ ਕਰਦਾ ਹੈ, ਕਿਉਂ ਕਿ ਇਹ ਕੰਮ ਕਰਨੇ ਤਾਂ ਪੈਣੇ ਹੀ ਹਨ ਤਾਂ ਫੇਰ ਲੇਟ ਕਿਉਂ ਕੀਤਾ ਜਾਵੇ। ਕਈ ਸਕੂਲ ਮੁੱਖੀਆਂ ਨੂੰ ਤਾਂ ਕਾਬਲੀਅਤ ਦੀ ਘਾਟ ਕਾਰਨ ਇਹ ਵੀ ਨਹੀਂ ਪਤਾ ਹੁੰਦਾ ਕਿ ਸੇਵਾ ਮੁਕਤ ਕਰਮਚਾਰੀ ਦੀਆਂ ਕਿਹੜੀਆਂ ਅਦਾਇਗੀਆਂ ਕਰਨੀਆਂ ਹੁੰਦੀਆਂ ਹਨ।ਇਹੋ ਜਿਹੇ ਸਕੂਲ ਮੁੱਖੀ ਨੂੰ ਕਲਰਕ ਕੋਈ ਰਾਹ ਥਹੁ ਨਹੀਂ ਦਿੰਦੇ। ਸਰਕਾਰ ਤਾਂ ਮੁਲਾਜ਼ਮਾਂ ਨੂੰ ਕੁਝ ਦੇਕੇ ਉਂਝ ਹੀ ਰਾਜ਼ੀ ਨਹੀਂ, ਇਥੇ ਤਾਂ ਆਪਣੇ ਆਪਣਿਆਂ ਦਾ ਹੀ ਲੇਟ ਅਦਾਇਗੀਆਂ ਕਰਕੇ ਵਿੱਤੀ ਨੁਕਸਾਨ ਕਰਦੇ ਹਨ।ਸੇਵਾ ਮੁਕਤੀ ਤੋਂ ਪਹਿਲਾਂ ਹੀ ਸਾਰੇ ਬਿਲ ਸਕੂਲ ਵਲੋਂ ਤਿਆਰ ਕਰਕੇ ਪਹਿਲੇ ਹਫਤੇ ਹੀ ਕਿਉਂ ਨਹੀਂ ਖਜ਼ਾਨੇ ਜਾਂਦੇ? ਕਈ ਕਈ ਮਹੀਨੇ ਲੇਟ ਵੈਸੇ ਹੀ ਬਿਲ ਬਣਾ ਕੇ ਲੇਟ ਭੇਜਣੇ ਨਲਾਇਕੀ ਦੀ ਹੀ ਨਿਸਾਨੀ ਤਾਂ ਹੈ। ਸਿੱਖਿਆ ਵਿਭਾਗ ਵਲੋਂ ਹਰੇਕ ਸੇਵਾ ਮੁਕਤ ਕਰਮਚਾਰੀ ਦੇ ਪੈਨਸਨ ਕੇਸ ਅਤੇ ਸਾਰੇ ਬਿਲਾਂ ਦੇ ਭੇਜਣ ਦੀ ਸੂਚਨਾ ਮੰਗੀ ਜਾਣੀ ਚਾਹੀਦੀ ਹੈ ਤਾਂ ਕਿ ਸੁਸਤ ਸਕੂਲ ਮੁੱਖੀ ਵੀ ਫੁਰਤੀਲੇ ਬਣ ਕੇ ਕੰਮ ਕਰਨ। ਹਾਲਾਂਕਿ ਸਕੂ਼ਲ ਮੁੱਖੀਆਂ ਨੂੰ ਸਮੇਂ ਸਮੇਂ ਸਿਰ ਮਹਿਕਮੇ ਵਲੋਂ ਇੰਟਰਨੈਟ ਜ਼ਰੀਏ ਜਾਂ ਜਿਲ੍ਹਾ/ ਸਟੇਟ ਪੱਧਰ ਤੇ ਬੁਲਾ ਕੇ ਸਾਰੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਸਕੂਲ ਮੁੱਖੀ ਕਲੈਰੀਕਲ ਕੰਮ ਬਾਰੇ ਪੂਰਾ ਗਿਆਨ ਰੱਖਦਾ ਹੋਵੇ ਤਾਂ ਹੀ ਉਹ ਠੀਕ ਢੰਗ ਨਾਲ ਸਕੂਲ ਚਲਾ ਸਕਦਾ ਹੈ। ਸਮੇਂ ਸਿਰ ਨਾ ਕੰਮ ਵਾਲਿਆਂ ਨੂੰ ਰਿਵਰਟ ਕਰਨ ਦਾ ਸਿਕੰਜ਼ਾ ਕੱਸਿਆ ਜਾਵੇ। ਕਈ ਸਕੂਲ ਮੁੱਖੀ ਮਹਿਕਮੇ ਦੀਆਂ ਹਦਾਇਤਾਂ ਨੂੰ ਟਿੱਚ ਸਮਝਦੇ ਹੋਏ ਬਣਦੀਆਂ ਕੁਝ ਘੰਟੀਆਂ ਲੈਣ ਤੋਂ ਵੀ ਕੰਨੀ ਕਤਰਾਉਂਦੇ ਹਨ ਸਗੋਂ ਆਪਣੀਆਂ ਘੰਟੀਆਂ ਟਾਈਮ-ਟੇਬਲ 'ਚ ਤਾਂ ਆਪਣੇ ਨਾਮ ਪਵਾ ਲੈਂਦੇ ਹਨ ਪਰ ਅਸਲ 'ਚ ਕਿਸੇ ਹੋਰ ਅਧਿਆਪਕ ਨੂੰ ਕਲਾਸਾਂ ਪੜ੍ਹਾਉਣ ਲਈ ਅਡਜਸਟਮੈਂਟ ਕਰਕੇ ਬੱਚਿਆਂ ਦਾ ਨੁਕਸਾਨ ਕਰਦੇ ਹਨ। ਮਹਿਕਮੇ ਨੂੰ ਇਸ ਸਬੰਧੀ ਵੀ ਤਾੜ੍ਹਨਾ ਕਰਨੀ ਚਾਹੀਦੀ ਹੈ। ਸਕੂਲ ਮੁੱਖੀ ਸਾਰੇ ਵਿਸ਼ਿਆਂ ਦੀ ਅਹਿਮੀਅਤ ਨੂੰ ਸਮਝਣ ਵਾਲਾ ਹੋਵੇ, ਗਰੇਡਾਂ ਵਾਲੇ ਵਿਸ਼ਿਆਂ ਨੂੰ ਵੀ ਦੂਜੇ ਵਿਸ਼ਿਆਂ ਵਾਂਗ ਪ੍ਰੋਮੋਟ ਕਰਨਾ ਵਾਲਾ ਹੋਵੇ। ਕਈ ਸਕੂਲ ਮੁੱਖੀ ਛੋਟੇ ਮੋਟੇ ਖਰਚਿਆਂ ਲਈ ਆਪਣੀ ਜੇਬ 'ਚੋਂ ਖਰਚ ਕਰਨ ਦੀ ਪ੍ਰਵਾਹ ਨਹੀਂ ਕਰਦੇ, ਕਈ ਇਹੋ ਜਿਹੇ ਹੁੰਦੇ ਹਨ ਜੋ ਦਸ ਰੁਪਏ ਵੀ ਕਿਸੇ ਨਾ ਕਿਸੇ ਅਧਿਆਪਕ ਨੂੰ ਖਰਚ ਕਰਨ ਲਈ ਕਹਿੰਦੇ ਹਨ। ਇਸ ਤਰ੍ਹਾਂ ਸਕੂਲ ਮੁੱਖੀ ਦਾ ਸਟਾਫ 'ਚ ਸਤਿਕਾਰ ਘੱਟਦਾ ਹੈ,ਭਾਵੇਂ ਕਿ ਕੋਈ ਵੀ ਜਵਾਬ ਨਹੀਂ ਦਿੰਦਾ। ਹੁਣ ਦਸ ਰੁਪਏ ਕਹਿੜਾ ਮੰਗਦਾ? ਹਰ ਕੋਈ ਖਰਚ ਐਡਵਾਂਸ਼ ਪੇਮੈਂਟਾਂ ਦੇਣ ਲਈ ਸਕੂਲ ਮੁੱਖੀ ਨੂੰ ਜੇਬ 'ਚੋਂ ਖਰਚਣੇ ਚਾਹੀਦੇ ਹਨ ਜਦੋਂ ਕਿ ਪੇਮੈਂਟ ਤਾਂ ਕਿਸੇ ਨਾ ਕਿਸੇ ਫੰਡ 'ਚੋਂ ਹੋਣੀ ਹੀ ਹੁੰਦੀ ਹੈ। ਸਕੂਲ ਮੁੱਖੀ ਸਰੀਰਕ ਤੌਰ ਤੇ ਫਿੱਟ ਫੁਰਤੀਲਾ ਹੋਣਾ ਚਾਹੀਦਾ ਹੈ ਜੋ ਕਿ ਸਾਰੇ ਸਕੂਲ ਅੰਦਰ ਸਮੇਂ ਸਮੇਂ ਸਿਰ ਕਲਾਸਾਂ ਦਾ ਨਿਰੀਖਣ ਕਰਦਾ ਰਹੇ।ਉਸ ਨੂੰ ਸਕੂਲ ਦੀ ਬਿਲਡਿੰਗ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ, ਕਿਸੇ ਵੀ ਘਾਟ, ਟੁੱਟ-ਮੁਰੰਮਤ ਨੂੰ ਨਾਲੋ ਨਾਲ ਕਰਾਉਣਾ ਚਾਹੀਦਾ ਹੈ। ਕਈ ਸਕੂਲ ਮੁੱਖੀ ਮਾਨਸਿਕ ਅਤੇ ਸਰੀਰਕ ਤੌਰ ਤੇ ਤਾਂ ਬਿਮਾਰ ਹੁੰਦੇ ਹਨ, ਸਕੂਲ ਸਮਾਂ ਡੰਗ ਹੀ ਟਪਾਉਂਦੇ ਹਨ ਪਰ ਲਾਲਚ ਵੱਸ ਸੇਵਾ ਮੁਕਤੀ ਤੋਂ ਬਾਅਦ ਵਾਧਾ ਵੀ ਲੈਣ ਨੂੰ ਤਿਆਰ ਹੁੰਦੇ ਹਨ। ਇਹੋ ਜਿਹੀ ਸੋਚ ਵਾਲੇ ਸਕੂਲ ਮੁੱਖੀ ਸਕੂ਼ਲ ਦਾ ਮਾਹੌਲ ਖਰਾਬ ਹੀ ਕਰਨਗੇ।ਉਹ ਤਾਂ ਫਰਲੋ ਮਾਰਨ, ਆਨ ਡਿਊਟੀ ਜਾਣ ਦਾ ਬਹਾਨਾ ਬਣਾ ਕੇ ਘਰ ਜਾਣ ਦੀ ਵਿਉਂਤ ਬਣਾਉਂਦੇ ਰਹਿੰਦੇ ਹਨ। ਇੱਕ ਕੁਸ਼ਲ ਸਕੂਲ ਮੁੱਖੀ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਕੂਲ ਨਾਲ ਜੁੜੇ ਸਬੰਧਤਾਂ ਦੀਆਂ ਭਾਵਨਾਵਾਂ ਨੂੰ ਸਮਝਦਾ ਹੋਵੇ,ਇਹ ਨਾ ਹੋਵੇ ਕਿ ਉਸ ਦੇ ਲਏ ਫੈਸਲੇ ਤੇ ਕਿੰਤੂ ਪ੍ਰੰਤੂ ਹੋਵੇ। ਉਹ ਸਕੂਲੀ ਪਰਿਵਾਰ ਦੇ ਹਰ ਦੁੱਖ-ਸੁੱਖ ਦਾ ਭਾਈਵਾਲ ਬਣਦਾ ਹੋਵੇ। ਬਹੁਤ ਸਤਰੇ ਸਕੂਲਾਂ ਵਿੱਚ ਲੇਡੀ ਸਕੂਲ ਮੁੱਖੀ ਜੈਂਟਸ ਸਕੂ਼ਲ ਮੁੱਖੀਆਂ ਤੋਂ ਵੀ ਵਧੀਆ ਅਨੁਸ਼ਾਸ਼ਨ ਰੱਖ ਰਹੇ ਹਨ। ਸ.ਸ.ਸ.ਸ. ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਕੂ਼ਲ ਸਮੇਂ ਜਾਣ ਦਾ ਮੌਕਾ ਮਿਲਿਆਂ ਤਾਂ ਸਕੂ਼ਲ ਵਿੱਚ ਕੋਈ ਬੱਚਾ ਕਲਾਸ ਤੋਂ ਬਾਹਰ ਨਹੀਂ ਮਿਲਿਆ ਨਾਹੀ ਕੋਈ ਕਿਸੇ ਕਲਾਸ 'ਚੋਂ ਆਵਾਜ਼ ਸੁਣਾਈ ਦਿੱਤੀ ਜਿਵੇਂ ਕਿ ਅਕਸਰ ਬਹੁਤੇ ਸਕੂਲਾਂ 'ਚ ਹੁੰਦਾ। ਪ੍ਰਿੰਸੀਪਲ ਮੈਡਮ ਨੇ ਵਰਾਂਡਿਆਂ 'ਚ ਕੈਮਰੇ ਲਗਾ ਕੇ ਆਪਣੇ ਦਫਤਰ 'ਚੋਂ ਹੀ ਬੱਚਿਆਂ ਦੀਆਂ ਐਕਟੀਵਿਟੀਜ਼ ਨੂੰ ਦੇਖਣ ਦਾ ਪ੍ਰਬੰਧ ਕੀਤਾ ਹੋਇਆ ਹੈ ਜੋ ਕਿ ਅਨੁਸ਼ਾਸ਼ਨ ਰੱਖਣ ਲਈ ਨਿਵੇਕਲਾ ਉਪਰਾਲਾ ਹੈ, ਜਿਸ ਨਾਲ ਬਾਹਰ ਫਿਰਦੇ ਬੱਚਿਆਂ ਨੂੰ ਤੁਰੰਤ ਤਾੜ੍ਹਨਾ ਕੀਤੀ ਜਾਂਦੀ ਹੈ। ਲੱਗਦਾ ਭਵਿੱਖ 'ਚ ਇਨ੍ਹਾਂ ਕੈਮਰਿਆਂ ਨੂੰ ਸਾਰੇ ਸਕੂਲਾਂ 'ਚ ਲਗਾਉਣ ਦੀ ਲੋੜ ਪਵੇਗੀ ਜੋ ਕਿ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ।ਚੰਗਾ ਸਕੂਲ ਮੁੱਖੀ ਹਮੇਸ਼ਾਂ ਸਟਾਫ ਅਤੇ ਪਿੰਡ ਵਾਸੀਆਂ ਨਾਲ ਨਾ ਚਾਹੁੰਦੇ ਹੋਏ ਵੀ ਸ਼ਾਜ਼ਗਾਰ ਸਬੰਧ ਬਣਾ ਕੇ ਰੱਖਣ 'ਚ ਸਕੂਲ ਦਾ ਭਲਾ ਕਰ ਸਕਦਾ ਹੈ। ਬਹੁਤ ਸਾਰੇ ਸਕੂਲ ਮੁੱਖੀ ਸੱਚ ਮੁੱਚ ਕਾਬਿਲੇ-ਤਾਰੀਫ ਕੰਮ ਕਰਦੇ ਹਨ ਜਿਨ੍ਹਾਂ ਤੋਂ ਬਾਕੀਆਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ। ਸਮਾਜ'ਚ ਸਕੂਲ ਮੁੱਖੀਆਂ ਦਾ ਸਤਿਕਾਰ ਸੇਵਾ ਮੁਕਤੀ ਤੋਂ ਬਾਅਦ ਪਤਾ ਲਗਦਾ ਹੈ, ਸੋ ਸਾਰੇ ਸਕੂਲ ਮੁੱਖੀਆਂ ਨੂੰ ਇਹ ਗੱਲ ਵੀ ਸਾਹਮਣੇ ਰੱਖ ਕੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ ਕਿ ਸਮਾਜ'ਚ ਸਕੂਲ ਮੁੱਖੀਆਂ ਦਾ ਸਤਿਕਾਰ ਸੇਵਾ ਮੁਕਤੀ ਤੋਂ ਬਾਅਦ ਹੀ ਪਤਾ ਲਗਦਾ ਹੈ।

# Dismantling Casteism & Racism Symposium

## Continuing the Unfinished Legacy of Dr. B.R. Ambedkar

### Saturday, October 12, 2019 (10AM – 3PM)









"Jai Bhim! Jai Martin Luther King!" So began Professor Kancha Ilaiah Shepherd's address to a packed audience at the Michigan League on Saturday, October 12. Invoking Dr. Bhimrao Ramji Ambedkar and Dr. Martin Luther King—two stalwarts in the global struggle against racism and casteism—Professor Shepherd kicked off a full-day of presentations and discussions for the symposium "Dismantling Casteism & Racism: Continuing the Unfinished Legacy of Dr. B.R. Ambedkar." The event was a first-ever collaboration between the Ambedkar Association of North America (AANA) and University of Michigan's Program in Asian/Pacific Islander American (A/PIA) Studies. Aimed at building solidarity and examining issues that pertain to the Dalit community in South Asia, the symposium explored the politics of dignity and equal rights for marginalized communities in a global context with an emphasis on intersections with issues of gender, race, and religion. As the organizers put it, "We seek to strengthen conversations between scholars, activists, and practitioners in analyzing caste-based discrimination and violence in South Asia and beyond."

The Vandenberg room of the Michigan League was filled with nearly one-hundred audience members, including guests from California, Chicago, Toronto, Indiana and Kentucky. Two longtime activists of the Ambedkarite movement, Dr. Velu Annamalai (Washington, DC) and Dr. Gary Bagha (Sacramento) were also in attendance. During a reception held in Sterling Heights on Friday, Dr. Annamalai—the former executive director of the International Dalit Forum—spoke about his early years as an activist for the Dalit cause when he first immigrated to the U.S. in the late 1960s. Dr. Annamalai described his efforts lecturing across the country to African American audiences about the struggle against casteism and penning editorials in Indian-American newspapers that challenged the benevolent image of Gandhi by highlighting his record of anti-Black racism and his role in undermining Dalit self-determination.

The Saturday morning session featured speeches from Professor Kancha Ilaiah Shepherd, who recently retired from the Center for the Study of Social Exclusion and Inclusive Policy at Maulana Azad University, and Thenmozhi Soundararajan, the director of Equality Labs and former director of AANA in the U.S. One of India's most prominent anti-caste intellectuals, Shepherd spoke about the "spiritual fascism" that undergirds caste practice and sharply criticized the virulent Hindu nationalism of modern India that continues to persecute and disenfranchise the Dalitbahujan community. Continuing these themes, Soundararajan discussed the role of "Hindu fascism" in proliferating a climate of violence and hatred towards Dalits, Muslims, Christians, and other nonupper- caste communities. Her presentation displayed examples of the proliferation of hate speech against Muslims and Dalits on social media as well as the bipartisan inroads that the Hindu Right have made in U.S. electoral politics. Her presentation asked a captivated audience to consider, "What does it mean to be an Ambedkarite during a time of fascism?" "It means more than just coming to a conference," Soundararajan explained, imploring the audience to consider how to continue the struggle against casteism and Hindutva outside of ivory tower spaces.

An afternoon session featured three panelists who discussed more personal impacts of casteism, colorism, and racism by focusing on the role of mental health. Ankita Nikalje, M.S., M.Ed, a doctoral candidate at the College of Education at Purdue, described her personal experiences of living as a Dalit woman and connected her narrative to recent studies which highlight the rampant caste-based discrimination in the Asian-Indian immigrant community in the U.S in education, employment, local businesses, places of worship, and interpersonal relationships. Professor Ronald Hall from Michigan State University, whose scholarship has focused on the role of "colorism" in the African American community, drew connections between colorism and caste in South Asia.

The final panelist, Professor Gaurav Pathania from George Washington University, explored the ways that student activism in India has empowered Ambedkarite scheduled castes, scheduled tribes, and OBC students to construct a new narrative to counter the mainstream narratives of Hindu mythology within the sacred spaces of higher education. He closed the afternoon panel with a recitation of his poem, "The Moon Mirrors a Manhole" ("चाँद मैनहोल सा लगता है").

To conclude the event, Mahesh Wasnik, a co-founder of the AANA and symposium organizer, presented plaques and a copy of the Indian constitution to each of the panelists.

The symposium was the culmination of a conversation that began in January 2019, initiated by Mahesh Wasnik and Vivek Chavan of AANA in coordination with Professor Manan Desai of UM's A/PIA Studies program. In the end, the symposium brought together a number of communities not only at the University of Michigan and Metro-Detroit region, but nationally. It was sponsored by community organizations including the Periyar-Ambedkar Circle, the American Federation of Muslims of Indian Origin, and the Association for India's Development.

A long list of University of Michigan sponsors also generously funded and supported the event, including A/PIA Studies, the Department of American Culture, the Office of Diversity, Equity, and Inclusion, Rackham's DEA Programmatic Support Fund, the LSA Humanities Institute Mini Grant for Public Humanities, the Center for South Asian Studies, the Department of English Language & Literature, the Department of Comparative Literature, the Center for South Asian Studies, the Department of History, the Global Scholars Program, and the Barger Leadership Institute.

The organizers especially thank the following individuals who made the event possible: Vivek Chavan, Rakesh Raipure, Chatak Dhakne, Prabhu Karan, Dinesh Pal, Ganganithi Sivapandian, Sandeep Kulkarni, Anshul Sontakke, Rohit Meshram, Bikash, and Bipin.

# Religious Refiguration of Social Transformation: Drawing Lessons from the Teachings of Guru Nanak

From the very beginning of the appearance of human beings on the earth planet, religion kept on accompanying them. In fact, it remained perennial manifestation of the hopes, inchoate ideas, fears, phobias, aspirations, visions, socio-cultural norms, mores, ethos and emerging moral paradigms. Religion assigns meanings to abstract cultural worldviews in the mode of deciphering oblique social symbols and pagan marks. Cultural differences and social demarcations are often identified through the distinct mental cartographies of religious boundaries.Intensive pursuit of cultural studies within the relatively late emergence of the discipline of anthropology in the broader domain of Social Sciences could become possible perhaps due to the rich presence of varied tangible and intangible religious traditions across civilizations and continents around the globe. Religion and culture are interrelated and born of thought, which is what Clifford Geertz called "conduct and is to be morally judged as such". Thought like another social act is culturally and traditionally made available in nicely packed tedious religious foils. Since thinking is directly related to 'social' as opposed to 'personal', it materializes itself in the tangible framework of religious norms and ethos among others. In the realm of human community,'personal' is invariably interchanges with 'social'.

The very existence of human beings is 'social'. It is within the 'social' of human beings that their 'personal' assumes distinct shape within its larger social self; and 'the presentation of self in everyday life,' to borrow the famous phrase of Erving Goffman, becomes 'less of an individual matter; less a personal project, more a collective, even a political, one'. And that collective/political 'social' reveals itself more vividly in the form of what contestably called 'religion'. Cultural anthropology seeks the explication of the socially hidden phenomena in the garb of religion while picking up its cultural threads on the surface of religious beliefs. It is in this critical context that the 'religious' metamorphoses into 'cultural'. Cultural and religious become too complex to get separated from each other in a neatly dividing framework. If culture is passage to both the 'personal' and 'social' of human beings, religion is the storehouse of that 'culture'.

Apart from this above mentioned highly productive functional agency of religion, it also plays an indomitable role of deep social transformation while building meta counterpublic narratives through questioning as well as demolishing the given antisocial and anti-individual structures of discrimination, domination, oppression and marginalization. If religion was deployed to create hope and attain meaningful socially egalitarian existence, it was not spared at all from being used to promote partisan and vested interests. Religious wars at different intervals are the most relevant case in point. Moreover, the given adamant structural mechanisms of well-established religious orders often give rise to new religious visions to respond to subdued human concerns buried under the dead weight of empty structure of once meaningful religions and the teachings of their heavenly founders. Religions are born of social contentions in a given society rooted in its internal and external environs and give rise to further social conflicts.

Each religion has its own long



life story from the initial stages of digging foundational channels to the finishing touches on its formal structural settings in the tangible form of sanctum sanctorum as pilgrimage centers with highly guarded sacred texts surrounded by never-ending ceremonies, rituals and prayers.Every religion took long time to reach its formally crystalized structure and often had to face untold difficulties on its thorny way. Religion had to assume varied forms to impact its followers as well as adversaries during its long torturous journey. It invariably began with an appearance of a great personality what Muhammad Iqbal called Marad-e-Kamil who exposed the world to a new way for leading a meaningful life in an egalitarian sphere of social interaction with humble deeds and selfless conduct. Called a Guru, Prophet or Son of God, the precursors in any of these nomenclatures dedicated their entire life towards the betterment of social conditions around and building good deeds within the hearts of humanity. Structures (temples, churches, mosques, gurdwaras, deras, ashram, rituals, rites, ceremonies, traditions, hukamnamas etc.) were laid down and traditions formulated to bemeticulously followed by their descendants and followers. What part of this long journey of concretisation of a religious order is more important - initial life teaching of the founder or the structural paraphernalia that evolved in the due course of its institutional rise up - is a difficult question to answer. Here enters incompatibility between the teachings of the precursors and the later on added structural paraphernalia allegedly built around their life stories and post thinking about them among their followers.

My immediate concern in this paper is to contextualize the teachings of Guru Nanak, the founder of Sikhism, the youngest religion in the world, within his time and its relevance for a meaningful social existence. Guru Nanak was born at a time when the long Delhi Sultanate period (1206-1526) was coming to an end and the emerging Mughal dynasty (1526-1857) was taking its roots in turbulent Hindustan under the reign of Babur (1526-1530). It was a time when the country had already been ruled over for almost more than 500 years after the demise of Hindu Shahi (879–1026)that was able to established its hold on the most turbulent regions of Afghanistan after defeating the rulers of Turk Shahi (665-850).The period before the Delhi Sultanatewas equally turbulent wherein Turkish invasions to capture power from various pockets of different Hindu dynasties was a routine affair. Hindu Shahi dynasties in Kabul valley and Gandhara, and Brahmin dynastic rule of last Hindu Raja Dahir of Sindh were replaced by Turkish origin Islamic rule after repeated attacks. Hindu rule in Sindh was brought to an end by the killing of Raja Dahir with the sword of Muhammad bin Qasim who sent his severed head along with his two daughters to Al-Hajjaj ibn Yusuf, governer of Basra of theUmayyad Caliphate in 712. In fact, the period from the invasion of Muhammad bin Qasim on Sindh (712) to the establishment of the Mughal Dynasty in 1526 constitutes the most turbulent long phase of fight between the then fast expanding Islamic religion and the dwindling graph of the once well-established Hindu religion along with other equally respected religions of Buddhism and Jainism as is evident from the times of Gupta Empire (from the mid-to-late 3rd century CE to 543 CE). The common people of the region were the immediate victims of the ferocious atrocities perpetrated by the agency and forces of the expansion of Islam. There were unending conspiracies being played within the corridors of Islamic ruling families, which were continously engaged in savage internecine warfare among themselves and the heat of their fights further afflicted the innocent people who were forced to lead a sub-human life. It was against such a long turbulent phase that Guru Nanak appeared on the scence what the theologian Bhai Gurdas aplty described in the following poetic words:




**Ronki Ram**
Fellow & Dean (Arts Faculty)
Shaheed Bhagat Singh Chair
Professor of Political Science
Panjab University, Chandigarh


The true Guru, Nanak, was then born
The fog and mist evaporated
And light shone on the earth.
As the rising Sun dispels the dark and outshines the Stars
As flee the herd of deer when the lion roars
Without pause, without turning back for assurance
(So fled evil from the world) (as translated in Khushwant Singh, A History of Sikhs Vol. 1) .

---

Before and during the life span of Guru Nanak (1469-1539) there was no dearth of religious interventions to grapple with varied social, cultural and political evils of the time, but what makes Guru Nanak and his non-anthropomorphic God based approach different was anintense ability of his soul appeal to influence the followers of both Islam and Hindu religions and his valiant stand in favour of the downtrodden. The merit of his unique approch lies in his achievement to keep himself beyond and above the misconceptions of both Hinduism and Islam, on the one hand, and offering an alternative way of an egalitarian living based on inclusive social vision and rationalistic spiritual pursuits.However, as far as his social vision is concerned it needs to be contextualized more in his spiritual understanding of the ultimate truth and to get oneself immersed within it than in his contemporary social milieu. There is no doubt about his deep and all embracing knowledge of the varied dimensions of the social, economic, cultural and political aspects of life that he lived through. In his comprehensive compositions, he meticulously mentioned varied political offices, social ranks based on Hindu varna order, Muslim socio-religious nomenclatures and occupational segments. The 'social' for him was ephemeral and transitory. In fact, Guru Nanak termed it as false. That is why he did not weigh the merits and demerits of the followers of Hindu and Islam in a comparative equation from a judgemental point of view. He was equally critical of both

**(Contd.. to next Page)**

# Religious Refiguration of Social Transformation: Drawing Lessons from the Teachings of Guru Nanak

the mullas and pandits from a larger perspective of the most tenable goal of salvation in the realm of truth.

For Guru Nanak it was not easy to question the surging Islamic influence under its cruel political force buttressed by the supplementary ecclesiastically organised institutional (shariat) set-up headed by Shaikhs, Pirs, Mullas and Qazis. With his meticulously articulated bani (spiritual poetry), Guru Nanak was not only able to prevail upon his detractors from a distance but showed them the true path bythem. He convinced the Shaikhs at Mecca that God did not live in a particular direction on earth; indeed every direction was His abode. He conveyed his message to the rulers and the ruled in such a wonderful way that all of them found him speaking from a level though different from their convictions and religious conventions but with an appeal to their very being within. It was the reason that while in Baghdad when Guru Nanak was conveyed in a symbolic manner that there was no more place left for any other person in the congregation of religious persons at a dwelling, he calmly placed some petals of a flower on a bowl full of milk without making it spill out thus making them realise the exclusionary nature of their behaviour. Similarly at home during his visit to Hardwar he proved the pilgrims who were bathing in the Hindu holy river Ganga and praying for the well beings of the departed souls of their ancestrors by offering water to the Sun at a distance of "49.1/2 crore kos" that if the water offered by him failed to reach his agricultural field in Kartarpur which was only 250 kos away, how come yours would reach at such a long and high up distance.

Guru Nanak was adept in the ways of conveying his message across the religions and regions at a time when populace had long before resigned to fate in the face of tyrant rulers who simply relied upon brute force. How the Gazhnavid and Ghorids oppressed the people of Hindustan during their repeated raids raised hairs even today after hearing about such atrocities. Guru Nanak had the courage and audacity to rose up to the challenge posed by Babur and his associates, and minced no words calling spade a spade. In his intrepid Babur bani, he called the Kings lions and their officers dogs who troubled the people unprovoked in their leisure time. He travelled far and wide within the country and beyond in the four directions and indulged in dialogues with all sorts of people he met during his historic four odysseys. During his travels abroad, he visited Sri Lanka, Nepal, Afghanistan Iran/ Iraq and Saudi Arabia. Hindustan had very close trade and cultural interactions with these areas in its neighbouring states in the Asian continent. Moreover, after the long reign of Delhi Sultanate and the formative years of Mughal rule, foreign lands of Baghdad and Mecca ceased to be so remote at least in terms of cultural and religious contexts. Guru Nanak's prophetic visit at these places and his enchanting teachings therein proved to the local people that Hindustan was no longer the land of infidels that had to be conquered and enslaved. On the contrary, Guru Nanak proved them that spiritual knowledge is not only the fiefdom of Islam and Hinduism. It resided in every corner of the planet wherever the humanity was respected and the downtrodden were taken care of. He was able to win over his detractors through love, empathy and compassion. He convinced them with his reason based argumentationsto locate where resided the reality. Whosoever had come into his contact got motivated and convinced about the eternal truth wrapped in the sacred words of his spiritual poetry. He spoke and conversed in the language of the comman people - Punjabi. He addressed almost all sections of the society in the medieval Punjab and took special note of the socially excluded sections of the society and women. He was, as underlined above, spoke for the emancipation and empowerment of the socially excluded people and women while invoking the moral and ethical principles relating to the all pervasive existence of the attributeless God in each and every particle in the cosmos. Since God himself pevade in everyone and everywhere, no one should be victimized in the name of caste, gender and creed. In His eyes, all carry equal weight. Since lowest of the low (Nichan under Nich Jati)and women were denied equal rights and subjected to all sorts of humilations and were made to suffer in ignominy, Guru Nanak placed special emphasis on these two most vulnerables and historical oppressed sections of the society. He reiterated in his spiritual poetry that why to condemn women without whom this worldly life was impossible to imagine.

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ਜਿਤੁ ਮੁਖਿ
ਸਦਾ ਸਾਲਾਹੀਐ ਭਾਗਾ ਰਤੀ ਚਾਰਿ
ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ




**Honorable Dr. Ronki Ram honored at the auspicious occasion of 550th Parkash Purv of Sri Guru Nanak Dev ji at IK Gujral PTU Kapurthala (Punjab) on November 10, 2019.**

Similarly while raising his bold voice against the oppressive living conditions of the lower classes, Baba Nanak exhorted that those who care for the lowest of the low receive the grace of God.

ਨੀਚਾ ਅੰਦਰਿ ਨੀਚ ਜਾਤੁ, ਨੀਚੀ ਅਤਿ ਨੀਚ
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ

In an unjust society sharply divided into low and high castes segments, the grace of lord could not be invoked. Guru Nanak's tirade against social injustice and his life long commitment towards building an egalitarian society free from caste and gender divisions manly attracted downtrodden (victims of caste and gender divisions) towards his newly emerging faith that culminated into a well-structured religious order at the pious hands of Tenth Master also called Dasma Nanak – Guru Gobind Singh.

Though Sikh religion took 160 years to get its accomplished shape after the exhit of Baba Nanak, some of its basic features which nurtured by him continued to shape the moral and ethical conduct of its follower even today. After the conclusion of his odysseys, Guru Nanak finally settled at Kartarpur Sahib, a new habitat that he founded after the completion of the first course of his odysseys. A sarover (water pond) and khooh (well) were dug at Kartarpur Sahib. It was at these two water bodies that Baba Nanak started the tradition of taking an early bath to be followed by recitation of the holy shabds (hymns) of Japji Sahib, one of his most adored spiritual compositions, before taking up daily routine work. The purpose behind founding the tradition of taking bath in early morning within the precincts of Kartarpur Sahib and to meditate on the name of one God was perhaps to discard the age old tradition of making long voyages to far off holy rivers/places for ablutions. That traditions is preserved even today by Guru Nanak naamleevansangat (followers of the Baba Nanak faith). The followers of Nanak prefer to take bath on auspicious days of Gurpuravs (anniversaries of Gurus), punia (full moon night) and sangrand (the first day of every month) in the name of Waheguru at their respective nearby Gurdwaras.

The presence of sarovers in almost all Gurdwaras, especially the historic ones, is a case in point of the continuation of the tradition set by Baba Nanak at Kartarpur for arranging bathing facilities within the living precinct of his followers. Its legacy can be seen in the early morning holy processionfor the prakash (to begin the recitation of the celestial bani) of Sri Guru Granth Sahib at Darbar Sahib/ Golden Temple Amritsar.Tenth Nanak, Guru Govind Singh, also refuted the tradition of going on pilgrimage for ablutions by emphasing that if one takes bath at holy places upto the seventh sea, he loses this world and also the next one (Twaprasad Swaiye).

Another equally consistent Sikh tradition laid down by Baba Nanak is kirat karo, band shakoo, Nam Japoo (earn with one's hand, share the fruits of hard earned labour with other and meditate on name of attribute less one God). However, this ethical trilogy of spiritual path of Sikh faith needs to be understood in conjection with another postulate of itsegalitarian social structure meticulously nurtured by Guru Nanak. Sharing the fruits of one's hard earned labour was to be practiced across caste boundaries within the given Hindu society based as it was on the divisive varna order. Baba Nanak advocated decimation of all such oppressive caste and gender based social boundaries. The inclusion of the bani of different spiritual personalities cutting across caste lines vindicates the egalitarian intent of Sikhism. Had Baba Nabak been alive today, he would not have approved of the emergence of varied Gurdwaras based on caste/community lines.




# Buying or Selling any Business? Call Now 916-271-5404

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY**
**$1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sales: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**




**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




**BERKSHIRE HATHAWAY**
**Home Services**
**Elite Real Estate**

# OFFICE: 7412 ELSIE AVE., SACRAMENTO, CA 95828

# ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਸਿਧਾਂਤ ਨੂੰ ਜੀਵਨ 'ਚ ਢਾਲਣ ਦਾ ਲਿਆ ਸੰਕਲਪ




















ਸ. ਅਜੀਤ ਸਿੰਘ ਗਰੇਵਾਲ ਅਤੇ ਰੂਬੀ ਨਿਊਮਨ ਅਤੇ ਸਟੀਵ ਥਾਲਕਨ ਅਤੇ ਗਲੈਨ ਕਾਉਂਟੀ ਦੇ ਸੋਸ਼ਲ ਸਰਵਿਸ ਵਰਕਰਜ਼ ਪੰਜਾਬੀ ਭਾਈਚਾਰੇ ਨਾਲ।

**ਓਰਲੈਂਡ (ਡੀ. ਡੀ. ਬੀ.)-** ਬੀਤੇ ਸ਼ਨਿਚਰਵਾਰ 16 ਨਵੰਬਰ ਨੂੰ ਪੰਜਾਬੀ ਅਮੈਰਿਕਨ ਸਿੱਖ ਸੁਸਾਹਿਟੀ ਵੱਲੋਂ ਓਰਲੈਂਡ (ਕੈਲੇਫੋਰਨੀਆ) 'ਚ ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਕ ਸੰਖੇਪ ਇਕੱਠ ਹੋਇਆ, ਜਿਸ ਵਿਚ ਪੰਜਾਬੀ ਭਾਈਚਾਰੇ ਦੇ ਨਾਂਲ-ਨਾਲ ਅਮੈਰਿਕਨ ਭਾਈਚਾਰੇ ਨੇ ਸ਼ਮੂਲੀਅਤ ਕਰਕੇ ਸੱਚੇ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸਮਝਣ ਦਾ ਯਤਨ ਕੀਤਾ।

ਸਟੇਜ ਦੀ ਸੇਵਾ ਸ. ਹਰਜੋਤ ਸਿੰਘ ਗਰੇਵਾਲ ਨੇ ਸੰਭਾਲਦਿਆਂ ਗਲੈਨ ਕਾਉਂਟੀ ਦੇ ਸਹਾਇਕ ਡਿਸਟ੍ਰਿਕਟ ਅਟ-ਾਰਨੀ ਬੀਬੀ ਰੂਬੀ ਨਿਊਮਨ ਨੂੰ ਸੱਦਾ ਦਿੱਤਾ, ਜਿਹਨਾਂ ਆਪਣੇ ਵਿਚਾਰ ਰੱਖਦਿਆਂ ਸਭ ਤੋਂ ਪਹਿਲਾਂ ਧੰਨ ਗੁਰੂ ਨਾਨਕ ਦੇਵ ਜੀ ਦੇ ਸਬੰਧਤ ਇੰਗਲਿਸ਼ ਵੀਡੀਓ ਦਿਖਾਈ, ਜਿਸ ਨੂੰ ਦੇਖ ਕੇ ਖਾਸ ਕਰਕੇ ਬੱਚਿਆਂ ਦੇ ਮਨਾਂ ਨੂੰ ਬਹੁਤ ਅਪੀਲ ਕੀਤੀ। ਇਸ ਉਪਰੰਤ ਵਾਰੋ ਵਾਰੀ ਟਰੇਸੀ ਕੋਰਨੀ ਆਫਿਸ ਐਜੂਕੇਸ਼ਨ ਗਲੈਨ ਕਾਉਂਟੀ ਦੇ ਸੁਪਰਡੈਂਟ, ਸਲੀਨਾ ਐਡਵਰਡ ਵਾਈਸ ਮੇਅਰ ਆਫ ਓਰਲੈਂਡ, ਪਾਲ ਬਾਰ ਸੁਪਰਵਾਈਜਰ ਗਲੈਨ ਕਾਉਂਟੀ, ਸਟੀਵ ਥਾਲਕਨ ਚਾਇਲਡ ਵੈਲਫੇਅਰ ਸਰਵਿਸਿਜ਼, ਡਾਇਰੈਕਟਰ ਗਲੈਨ ਕਾਉਂਟੀ ਅਤੇ ਅਖੀਰ ਵਿਚ ਸ. ਅਜੀਤ ਸਿੰਘ ਗਰੇਵਾਲ ਨੇ ਸਾਰਿਆਂ ਧੰਨਵਾਦ ਕੀਤਾ।

ਸ. ਗਰੇਵਾਲ ਨੇ ਲੈਰੀ ਜੂਡੀਕਿਨਜ (ਰਿਲੀਜੀਅਸ ਸੰਪਾਦਕ ਦਾ ਸੈਕਰਾਮੈਂਟੋ ਵੈਲੀ ਮਿਰਰ), ਗਲੈਨ ਗਜ਼ਟ ਦੀ ਸੰਪਾਦਕ ਕ੍ਰਿਸਟੀਨ ਸਟਿਫਟਿਰ ਅਤੇ ਅਦਾਰਾ 'ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼' ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਹਨਾਂ ਸਮਾਂ ਕੱਢ ਕੇ ਹਾਜ਼ਰੀਆਂ ਭਰੀਆਂ।

ਅਖੀਰ ਵਿਚ ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਵੱਲੋਂ ਗਲੈਨ ਕਾਉਂਟੀ ਦੇ ਅਨਾਥ ਬੱਚਿਆਂ ਨੂੰ ਟੈਬਲਿਟਸ ਤਕਸੀਮ ਕੀਤੀਆਂ ਗਈਆਂ। ਇਸ ਉਪਰੰਤ ਚਾਹ-ਪਾਣੀ, ਸਨੈਕਸ ਛਕਾਇਆ ਗਿਆ।

ਇਸ ਸੰਖੇਪ ਪਰ ਵਿਸ਼ੇਸ਼ ਸਮਾਗਮ ਮੌਕੇ ਸਾਬਕਾ ਮੇਅਰ ਸ. ਹਰਦੀਪ ਸਿੰਘ ਪਰਿਵਾਰ ਸਮੇਤ ਅਤੇ ਨਾਮਵਰ ਸ਼ਖਸੀਅਤ ਸ. ਜਤਿੰਦਰ ਸਿੰਘ ਥਿਆੜਾ ਪਰਿਵਾਰ ਸਮੇਤ ਪੂਰਾ ਸਮਾਂ ਹਾਜ਼ਰੀਆਂ ਭਰੀਆਂ। ਇਹਨਾਂ ਤੋਂ ਇਲਾਵਾ ਰੂਬੀ ਨਿਊਮਨ ਦੇ ਮਾਤਾ ਸਰਦਾਰਨੀ ਜਸਵੀਰ ਕੌਰ ਜੀ ਨੇ ਵੀ ਹਾਜ਼ਰੀ ਭਰੀ ਅਤੇ ਸਭ ਨੂੰ ਵਧਾਈ ਦਿੱਤੀ।